# ਸਮਕਾਲੀ ਪੰਜਾਬੀ ਸਾਹਿਤ : ਸੰਦਰਭ ਅਤੇ ਸਰੋਕਾਰ

ਡਾ. ਰਵੀ ਰਵਿੰਦਰ
ਪੰਜਾਬ ਯੂਨੀਵਰਸਿਟੀ ਰੀਜਨਲ ਸੈਂਟਰ, ਮੁਕਤਸਰ
ravi4ravinder@gmail.com
ਮੋਬਾਇਲ. 098880-22023

ਪੰਜਾਬ ਸਮੇਤ ਸਮੁੱਚੇ ਭਾਰਤ ਦੇ ਸਮਕਾਲ ਨੂੰ ਘੜਨ ਲਈ ਕਈ ਮਹੱਤਵਪੂਰਨ ਘਟਨਾਵਾਂ, ਵਿਚਾਰਧਾਰਾਵਾਂ ਅਤੇ ਵਰਤਾਰਿਆਂ ਦਾ ਦਖ਼ਲ ਹੈ। ਵਿਸ਼ਵੀਕਰਨ, ਉਦਾਰੀਕਰਨ, ਨਿੱਜੀਕਰਨ, ਸੂਚਨਾ ਕ੍ਰਾਂਤੀ ਅਤੇ ਖੁੱਲ੍ਹੀ ਮੰਡੀ ਦੇ ਵਰਤਾਰੇ ਨੇ ਸਾਡੇ ਸਮਕਾਲੀ ਯਥਾਰਥ ਨੂੰ ਜਟਿਲ ਤੋਂ ਜਟਿਲਤਰ(?) ਬਣਾ ਦਿੱਤਾ ਹੈ ।90ਵਿਆਂ ਵਿੱਚ ਅਪਣਾਇਆ ਗਿਆ ਇੱਕ ਵਿਸ਼ੇਸ਼ ਪ੍ਰਕਾਰ ਦਾ ਆਰਥਿਕ ਮਾਡਲ ਵਿਸ਼ੇਸ਼ ਪ੍ਰਕਾਰ ਦਾ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਸੱਭਿਆਚਾਰ ਵੀ ਸਿਰਜਦਾ ਹੈ।ਜਿਸ ਨਾਲ ਇੱਕ ਗੁੰਝਲਦਾਰ, ਚਕਾਚੌਂਧ ਕਰਨ ਵਾਲਾ ਅਤੇ ਉਪਭੋਗੀ ਕਿਸਮ ਦਾ ਵਾਤਾਵਰਨ ਵੀ ਸਿਰਜਿਆ ਜਾਂਦਾ ਹੈ ।ਇਸ ਵਿਸ਼ੇਸ਼ ਸਮਾਜਿਕ-ਆਰਥਿਕ ਸੰਰਚਨਾ ਵਿੱਚ ਸਧਾਰਨ ਪੰਜਾਬੀ ਬੰਦਾ ਮਾਨਸਿਕ ਅਤੇ ਅਵਚੇਤਨੀ ਤੌਰ ਤੇ ਝੰਜੋੜਿਆ ਵੀ ਜਾਂਦਾ ਹੈ ਅਤੇ ਇੱਕ ਨਵੀਂ ਘਾੜਤ ਦੇ ਰੂਪ ਵਿੱਚ ਪੇਸ਼ ਵੀ ਹੁੰਦਾ ਹੈ ।ਇਹ ਜਟਿਲ ਸਥਿੱਤੀਆਂ ਜਿਸ ਵਿਅਕਤੀ ਅਤੇ ਸਮਾਜ ਦੀ ਸਿਰਜਣਾ ਕਰਦੀਆਂ ਹਨ, ਉਹ ਵਿਅਕਤੀ ਅਤੇ ਸਮਾਜ ਵੀ ਕਈ ਤਰ੍ਹਾਂ ਦੀਆਂ ਵਿਸੰਗਤੀਆਂ ਸਮੇਤ ਪੇਸ਼ ਹੁੰਦੇ ਹਨ ।ਸਮਕਾਲੀ ਪੰਜਾਬੀ ਸਾਹਿਤ ਦਾ ਮੁਹਾਂਦਰਾ ਵੀ ਇਨ੍ਹਾਂ ਆਰਥਿਕ, ਸਮਾਜਿਕ, ਰਾਜਨੀਤਿਕ ਅਤੇ ਸੱਭਿਆਚਾਰਕ ਸੰਰਚਨਾਵਾਂ ਦੁਆਰਾ ਸਿਰਜੀ ਸਮਕਾਲੀ ਸਥਿਤੀ ਦੇ ਕਾਵਿਕ, ਗਾਲਪਨਿਕ ਅਤੇ ਨਾਟਕੀ ਰੂਪਾਂਤਰਣਾਂ ਵਿੱਚੋਂ ਹੀ ਪਛਾਣਿਆ ਜਾ ਸਕਦਾ ਹੈ ।

ਕਾਵਿ ਵਿਧਾ ਦੀ ਖਾਸੀਅਤ ਹੈ ਕਿ ਇਹ ਦੂਜੀਆਂ ਵਿਧਾਵਾਂ ਮੁਕਾਬਲੇ ਕਿਸੇ ਵੀ ਪ੍ਰਭਾਵ ਨੂੰ ਪਹਿਲਾਂ ਕਬੂਲਦੀ ਤੇ ਪ੍ਰਤੀਕਰਮ ਜ਼ਾਹਰ ਕਰਦੀ ਹੈ । ਪੰਜਾਬੀ ਕਵੀਆਂ ਨੇ ਵੀ ਵਿਭਿੰਨ ਤਬਦੀਲੀਆਂ ਪ੍ਰਤੀ ਆਪਣਾ ਪ੍ਰਤੀਕਰਮ ਸਭ ਤੋਂ ਪਹਿਲਾਂ ਪ੍ਰਗਟ ਕੀਤਾ ਹੈ ।ਪੰਜਾਬੀ ਕਵਿਤਾ ਕਦੇ ਵੀ ਕਿਸੇ ਇੱਕ ਵਾਦ ਜਾਂ ਪ੍ਰਵਿਰਤੀ ਨਾਲ ਬੱਝਕੇ ਨਹੀਂ ਰਹੀ । ਇਸ ਨੇ ਆਦਰਸ਼ਵਾਦੀ, ਰੋਮਾਂਸਵਾਦੀ, ਪ੍ਰਗਤੀਵਾਦੀ, ਪ੍ਰਯੋਗਵਾਦੀ, ਜੁਝਾਰਵਾਦੀ ਤੇ ਆਧੁਨਿਕਤਾਵਾਦੀ ਆਦਿ ਕਿੰਨੀਆਂ ਹੀ ਪ੍ਰਵਿਰਤੀਆਂ ਨੂੰ ਅਪਣਾਇਆ ਅਤੇ ਤੱਜਿਆ ਹੈ।ਸਮਕਾਲੀ ਪੰਜਾਬੀ ਕਵਿਤਾ ਸਮਕਾਲੀ ਸੰਸਥਾਵਾਂ ਅਤੇ ਸਥਿਤੀਆਂ ਦੁਆਰਾ ਸਿਰਜੇ ਜਾ ਰਹੇ ਮਨੁੱਖ ਦੇ ਵਿਭਿੰਨ ਸਰੋਕਾਰਾਂ ਨਾਲ ਨਜਿੱਠ ਰਹੀ ਹੈ । ਬੇਮਾਇਨਗੀ ਦਾ ਅਹਿਸਾਸ ਭੋਗਦਾ, ਸੰਵੇਦਨਹੀਣ ਹੁੰਦਾ ਜਾ ਰਿਹਾ ਅਤੇ ਵਿਸ਼ੇਸ਼ ਸਮਾਜਕ, ਸੱਭਿਆਚਾਰਕ, ਧਾਰਮਿਕ ਅਤੇ ਨਸਲੀ ਪਛਾਣਾਂ ਨਾਲ ਜੁੜਿਆ ਹੋਇਆ ਬੰਦਾ ਇਸ ਕਵਿਤਾ ਦੇ ਕੇਂਦਰ ਵਿੱਚ ਹੈ ।ਸਮਕਾਲੀ ਕਵੀ ਆਪਣੀ ਕਾਵਿ-ਅਭਿਵਿਅਕਤੀ ਲਈ ਖੁੱਲੀ ਕਵਿਤਾ, ਨਜ਼ਮ, ਗ਼ਜ਼ਲ ਅਤੇ ਹਾਇਕੂ ਆਦਿ ਕਾਵਿ ਰੂਪਾਕਾਰ ਅਪਣਾ ਰਿਹਾ ਹੈ । ਸਮਕਾਲੀ ਕਵਿਤਾ ਵਿੱਚ ਸਭ ਤੋਂ ਵੱਧ ਕਬੂਲਿਆ ਜਾਣ ਵਾਲਾ ਰੂਪਾਕਾਰ ਖੁੱਲੀ ਕਵਿਤਾ ਹੈ । ਪ੍ਰੋ. ਪੂਰਨ ਸਿੰਘ ਤੋਂ ਪਿੱਛੋਂ ਅੰਗਰੇਜ਼ੀ ਪ੍ਰਭਾਵ ਵਾਲੇ ਇਸ

ਰੂਪਾਕਾਰ ਨੂੰ ਪੰਜਾਬੀ ਕਵੀ ਚਿੱਤ ਨੇ ਪੂਰੀ ਤਰ੍ਹਾਂ ਕਬੂਲ ਲਿਆ ਹੈ ਅਤੇ ਆਪਣੀ ਕਾਵਿ ਸੰਵੇਦਨਾ ਦਾ ਵਾਹਨ ਬਣਾਇਆ ਹੈ।ਸਮਕਾਲੀ ਕਵੀਆਂ ਵਿੱਚੋਂ ਸੁਰਜੀਤ ਪਾਤਰ, ਡਾ. ਜਗਤਾਰ, ਜਸਵੰਤ ਦੀਦ, ਪ੍ਰਮਿੰਦਰਜੀਤ,ਡਾ. ਸੁਤਿੰਦਰ ਸਿੰਘ ਨੂਰ, ਸਵਰਨਜੀਤ ਸਵੀ, ਵਨੀਤਾ, ਸੁਖਵਿੰਦਰ ਅੰਮ੍ਰਿਤ,ਗੁਰਭਜਨ ਗਿੱਲ, ਦਰਸ਼ਨ ਬੁੱਟਰ, ਦੇਵਨੀਤ, ਇਕਬਾਲ ਰਾਮੂਵਾਲੀਆ ਅਤੇ ਹਰਵਿੰਦਰ ਭੰਡਾਲ ਸਮੇਤ ਅਨੇਕ ਕਵੀਆਂ ਨੇ ਇਸ ਰੂਪ ਵਿਧਾ ਨੂੰ ਅਪਣਾਇਆ ਹੈ । ਇਸ ਤੋਂ ਇਹ ਭਾਵ ਨਹੀਂ ਕਿ ਸਮਕਾਲ ਵਿੱਚ ਛੰਦਾਬੰਦੀ ਜਾਂ ਪਿੰਗਲ ਅਰੂਜ਼ ਦਾ ਦੌਰ ਖਤਮ ਹੋ ਗਿਆ ਹੈ । ਸਮਕਾਲ ਵਿੱਚ ਛੰਦਬੱਧ ਕਵਿਤਾ ਵੀ ਲਿਖੀ ਤੇ ਪਸੰਦ ਕੀਤੀ ਜਾ ਰਹੀ ਹੈ ।ਪੰਜਾਬੀ ਬੰਦੇ ਦੀ ਤਾਂ ਪਛਾਣ ਹੀ ਪਾਠਕ ਨਾਲੋਂ ਵੱਧ ਸਰੋਤੇ ਵਜੋਂ ਹੈ ।ਸ਼ਾਇਦ ਇਹੀ ਕਾਰਨ ਹੈ ਕਿ ਵਾਰਿਸ ਸ਼ਾਹ, ਬੁੱਲ੍ਹੇ ਸ਼ਾਹ ਅਤੇ ਸ਼ਿਵ ਕੁਮਾਰ ਅੱਜ ਵੀ ਲੋਕਾਂ ਦੀਆਂ ਸਿਮਰਤੀਆਂ ਵਿੱਚ ਵਸੇ ਹੋਏ ਹਨ ।

ਸਮਕਾਲੀ ਕਵੀਆਂ ਵਿੱਚੋਂ ਸੁਰਜੀਤ ਪਾਤਰ ਦੀ ਮਕਬੂਲੀਅਤ ਦਾ ਕਾਰਨ ਵੀ ਉਸਦੀ ਰਚਨਾ ਦਾ 'ਲੋਕਧਾਰਾਈ ਖਾਸੇ ਵਾਲੀ' ਅਤੇ 'ਲੋਕ ਚਿੱਤ ਦੇ ਨੇੜੇ ਵਿਚਰਨ ਵਾਲੀ' ਹੋਣ ਕਰਕੇ ਹੀ ਹੈ । ਸੁਰਜੀਤ ਪਾਤਰ ਨੇ ਕਾਵਿਕ ਭਾਵ ਨੂੰ ਜਿੰਦਾ ਰੱਖਦਿਆਂ ਸਮਕਾਲੀ ਗਜ਼ਲ ਨੂੰ ਕਲਾਸਕੀ ਜਕੜਬੰਦੀਆਂ ਤੋਂ ਨਿਜਾਤ ਦਿਵਾ ਕੇ ਰਿਦਮ ਭਰਪੂਰ ਬਣਾਉਣ ਵਿੱਚ ਵੱਡਾ ਯੋਗਦਾਨ ਪਾਇਆ ਹੈ । ਗਜ਼ਲ ਸਿਨਫ ਨੂੰ ਸਥਾਪਤ ਕਰਨ ਵਾਲੇ ਲੇਖਕਾਂ ਵਿੱਚੋਂ ਡਾ.ਜਗਤਾਰ, ਸੁਰਜੀਤ ਪਾਤਰ, ਗੁਰਦੇਵ ਨਿਰਧਨ, ਦੇਵਿੰਦਰ ਜੋਸ਼, ਰਣਧੀਰ ਸਿੰਘ ਚੰਦ, ਪੋ. ਦੀਦਾਰ ਅਤੇ ਕੰਵਰ ਚੌਹਾਨ ਆਦਿ ਪ੍ਰਮੁੱਖ ਹਨ।ਇਹਨਾਂ ਕਵੀਆਂ ਦੀ ਖੂਬਸੂਰਤੀ ਇਹ ਹੈ ਕਿ ਇਹਨਾਂ ਨੇ ਗਜ਼ਲ ਰੂਪਾਕਾਰ ਦੀ ਅੰਤਰੀਵ ਸੰਰਚਨਾ ਨੂੰ ਪ੍ਰਮੁੱਖਤਾ ਦੇਣ ਦੀ ਬਜਾਇ ਆਪਣੇ ਵਿਚਾਰ ਜਾਂ ਭਾਵ ਨੂੰ ਪ੍ਰਮੁੱਖਤਾ ਦਿੱਤੀ ਅਤੇ ਅਰਬੀ / ਫਾਰਸੀ ਜਕੜਬੰਦੀ ਵਾਲੀਆਂ ਸ਼ਰਤਾਂ ਨੂੰ ਥੋੜ੍ਹਾ ਨਰਮ ਕਰਕੇ ਵਰਤਿਆ ਹੈ। ਰਚਨਾਵੀ ਪੱਧਰ ਉੱਪਰ ਸਮਕਾਲੀ ਪੰਜਾਬੀ ਗਜ਼ਲ ਜ਼ਿੰਦਗੀ ਦੇ ਹਰ ਅਨੁਭਵ ਨੂੰ ਬਿਆਨ ਕਰ ਸਕਣ ਦੇ ਸਮਰੱਥ ਹੈ । ਸਮਕਾਲੀ ਜੀਵਨ-ਅਨੁਭਵਾਂ ਅਤੇ ਮੁੱਦਿਆਂ ਨੂੰ ਪੰਜਾਬੀ ਜੀਵਨ-ਯਥਾਰਥ ਨਾਲ ਜੋੜ ਕੇ ਬਹੁ-ਪਾਸਾਰੀ ਅਤੇ ਬਹੁ-ਪਰਤੀ ਸੱਚ ਨੂੰ ਕਲਾਤਮਕ ਨਿਪੁੰਨਤਾ ਨਾਲ ਪ੍ਰਸਤੁਤ ਕਰਕੇ ਆਪਣੀ ਪ੍ਰਤਿਭਾ ਦਾ ਸਬੂਤ ਦੇਣ ਵਾਲੇ ਲੇਖਕਾਂ ਵਿੱਚੋਂ ਪ੍ਰਮੁੱਖ ਨਾਂ ਹਨ : ਸੁਰਜੀਤ ਜੱਜ, ਗੁਰਤੇਜ ਕੁਹਾਰਵਾਲਾ, ਬਰਜਿੰਦਰ ਚੌਹਾਨ, ਜਸਵਿੰਦਰ, ਇੱਕਵਿੰਦਰ ਢੱਟ, ਜਸਪਾਲ ਘਈ, ਕੁਲਵੀਰ, ਸਤੀਸ਼ ਗੁਲਾਟੀ, ਅਮਰੀਕ ਡੋਗਰਾ, ਸ਼ਬਦੀਸ਼, ਹਰੀ ਸਿੰਘ ਮੋਹੀ, ਗੁਰਦੀਪ ਤੇ ਵਿਜੇ ਵਿਵੇਕ ਆਦਿ।

ਸਮਕਾਲੀ ਦੌਰ ਦੀਆਂ ਵਿਸ਼ੇਸ਼ ਸਮਾਜਕ, ਰਾਜਸੀ ਅਤੇ ਆਰਥਕ ਸੰਰਚਨਾਵਾਂ ਨੇ ਬੜੀ ਸੂਖ਼ਮਤਾ ਨਾਲ ਬੰਦੇ ਨੂੰ ਅੰਦਰੋਂ ਅੰਦਰੀ ਖੰਡਿਤ ਕੀਤਾ ਹੈ।ਸਮਾਜਿਕ ਰਿਸ਼ਤਿਆਂ ਵਿੱਚ ਟੁੱਟ ਭੱਜ ਹੋਈ ਹੈ।ਆਪਸੀ ਪ੍ਰੇਮ ਦੀ ਥਾਂ ਨਿੱਜੀ ਸੁੱਖ ਦੀ ਪ੍ਰਾਪਤੀ ਪ੍ਰਾਥਮਿਕਤਾ ਹਾਸਲ ਕਰ ਗਈ ਹੈ ।ਘਰ ਦਾ ਬਿੰਬ ਖੰਡਿਤ ਹੋਇਆ ਹੈ ਅਤੇ ਘਰ ਦੇ ਆਲੇ ਦੁਆਲੇ ਦਾ ਵਾਤਾਵਰਣ ਵੀ ਭ੍ਰਿਸ਼ਟ ਹੋਇਆ ਹੈ ।ਐਸੀ ਸਥਿੱਤੀ ਵਿੱਚ ਸਾਰੇ ਸ਼ਾਇਰ ਤਾਂ ਨਹੀਂ, ਪਰ ਸ਼ਾਇਰਾਂ ਦਾ ਇੱਕੋ ਪੋਚ 'ਪਰ' ਦੀ ਚੇਤਨਾ ਨਾਲੋਂ 'ਸਵੈ' ਦੀ ਪਰਿਕਰਮਾ ਕਰਨ ਨੂੰ ਕੇਂਦਰੀ ਸਰੋਕਾਰ ਬਣਾ ਰਿਹਾ ਹੈ ।ਇਨ੍ਹਾਂ ਸ਼ਾਇਰਾਂ ਨੇ 'ਮੈਂ' ਨੂੰ ਕੇਂਦਰ ਵਿੱਚ ਸਥਿੱਤ ਕਰਕੇ ਆਪਣੇ ਅਤਿ ਨਿਕਟਭਾਵੀ ਅਹਿਸਾਸਾਂ ਅਤੇ ਉਹਨਾਂ ਦੀ ਵੀ ਮਨੋਚੇਤਨੀ ਸੁਰ ਨੂੰ ਪ੍ਰਗਟਾਇਆ ਹੈ । ਇਹ ਸ਼ਾਇਰ ਆਪਣੇ ਸਮੁੱਚੇ ਅਰਥਾਂ ਵਿੱਚ 'ਮੈਂ ਮੂਲਕ' ਸ਼ਾਇਰੀ ਤਾਂ ਨਹੀਂ ਰਚ ਰਹੇ, ਪਰ ਇਸ

ਦਾ ਸਿਰਜਣਾਤਮਕ ਪ੍ਰਕਰਣ ਸਮਾਜਿਕ-ਸਮੂਹਿਕ ਸਰੋਕਾਰਾਂ, ਸੱਭਿਆਚਾਰਕ ਆਦਰਸ਼ਾਂ ਅਤੇ ਇਨ੍ਹਾਂ ਨਾਲ ਸੰਬੰਧਿਤ ਪ੍ਰਸੰਗਾਂ ਵੱਲ ਵਿਸ਼ੇਸ਼ ਬੇਰੁਖੀ ਅਪਣਾ ਕੇ ਨਿੱਜੀ ਜੀਵਨ-ਸ਼ੈਲੀ ਦੇ ਪੁੱਠੇ ਸਿੱਧੇ ਰਹੱਸਾਂ, ਵਿਗਾੜਾਂ, ਝੂਠਾਂ-ਸੱਚਾਂ ਅਤੇ ਅੰਤਰ-ਪ੍ਰੇਰਨਾਵਾਂ ਦੀ ਪੁੱਠ ਸਿੱਧ ਨੂੰ ਸੰਚਾਰਿਤ ਕਰਨ ਵੱਲ ਵਿਸ਼ੇਸ਼ ਉਮਾਹ ਦਿਖਾ ਰਿਹਾ ਹੈ ।(ਡਾ. ਜਸਵਿੰਦਰ ਸਿੰਘ, ਕਾਵਿ ਲੋਕ, ਪੰਨਾ-13) ਇਹ ਕਾਵਿ-ਮੈਂ ਕਿਤੇ ਸਵੈ-ਪੀੜ ਨਾਲ ਅਤੇ ਕਿਤੇ ਸਵੈ-ਕ੍ਰੀੜਾ ਨਾਲ ਲਰਜ਼ ਰਹੀ ਹੈ ।ਵਧੇਰੇ ਕਰਕੇ ਇਹ ਕਵਿਤਾ ਨਿੱਜਤਵ ਦੀ ਉਧੇੜਬੁਣ ਵਿੱਚ ਉਲਝੀ ਹੋਈ ਨਜ਼ਰ ਆਉਂਦੀ ਹੈ । ਮਾਇਆਵੀ ਰੁਚੀਆਂ ਨੇ ਹੀ ਬੰਦੇ ਨੂੰ ਇਕੱਲਤਾ, ਬੇਗਾਨਗੀ, ਮੈਂ ਮੂਲਕਤਾ, ਨਿੱਜਤਵ ਅਤੇ ਦੇਹੀ ਜਸ਼ਨਾਂ ਤੱਕ ਘਟਾ ਦਿੱਤਾ ਹੈ। ਸਮਕਾਲੀ ਪੰਜਾਬੀ ਕਵਿਤਾ ਇਹਨਾਂ ਨਵ-ਸਿਰਜਤ ਸਥਿਤੀਆਂ ਨਾਲ ਸੰਵਾਦ ਰਚਾਉਂਦੀ ਹੈ ।

ਸਵਰਨਜੀਤ ਸਵੀ, ਦੇਵਨੀਤ, ਗੁਰਪ੍ਰੀਤ, ਅੰਬਰੀਸ਼ ਅਤੇ ਵਰਿੰਦਰ ਪਰਿਹਾਰ ਵਰਗੇ ਕਵੀਆਂ ਦੇ ਕਾਵਿਕ ਚਿਹਨ ਦੇਹ ਦਾ ਸੰਵਾਦ ਸਿਰਜਦੇ ਹਨ।ਇਹ ਕਵਿਤਾ ਕਿਸੇ ਵਡੇਰੇ ਮਾਨਵ ਮੁਕਤੀ ਦੇ ਲਕਸ਼ ਤੋਂ ਸੱਖਣੀ ਹੋਣ ਕਰਕੇ ਸਵੈ-ਫਿਕਰ ਤੱਕ ਘੱਟ ਜਾਂਦੀ ਹੈ ।ਪੰਜਾਬੀ ਕਾਵਿ-ਪਿੜ ਵਿੱਚ ਕੁੱਝ ਅਜਿਹੇ ਪ੍ਰਤੀਬੱਧ ਸਮਕਾਲੀ ਸ਼ਾਇਰ ਵੀ ਹਨ, ਜਿਨ੍ਹਾਂ ਦੀ ਰਚਨਾ ਵਿੱਚ ਲੋਕ ਪੀੜ ਵੀ ਹੈ ਅਤੇ ਨਿਵੇਕਲਾ ਕਾਵਿ ਮੁਹਾਂਦਰਾ ਵੀ।ਇਹਨਾਂ ਵਿੱਚੋਂ ਪ੍ਰਮੁੱਖ ਹਨ : ਡਾ. ਜਗਤਾਰ(ਮਰਹੂਮ), ਪ੍ਰਮਿੰਦਰਜੀਤ, ਮੋਹਨਜੀਤ, ਲੋਕ ਨਾਥ, ਇਕਬਾਲ ਰਾਮੂਵਾਲੀਆ, ਸੁਖਵਿੰਦਰ ਕੰਬੋਜ, ਸੁਖਿੰਦਰ, ਬਲਬੀਰ ਪਰਵਾਨਾ, ਭੁਪਿੰਦਰ ਪੁਰੇਵਾਲ, ਮਦਨਵੀਰਾ, ਦਰਸ਼ਨ ਬੁੱਟਰ, ਵਿਸ਼ਾਲ ਤੇ ਹਰਵਿੰਦਰ ਭੰਡਾਲ ਆਦਿ।

ਸਮਕਾਲੀ ਪੰਜਾਬੀ ਕਵਿਤਾ ਵਿੱਚ ਦਲਿਤ ਚੇਤਨਾ, ਵੇਦਨਾ ਤੇ ਸੰਵੇਦਨਾ ਨਵੀਂ ਵਿਸ਼ਵ ਦ੍ਰਿਸ਼ਟੀ ਅਤੇ ਚਿੰਤਨ ਦੇ ਨਵੀਨ ਪ੍ਰਕਰਨ ਨਾਲ ਲੈਸ ਹੋ ਕੇ ਪੇਸ਼ ਹੁੰਦੀ ਹੈ।ਇਹਨਾਂ ਕਵੀਆਂ ਦੇ ਪ੍ਰਵਚਨਾਂ ਰਾਹੀਂ ਦਲਿਤ ਬੰਦੇ ਦੀ ਸਦੀਆਂ ਪੁਰਾਣੀ ਚੁੱਪ ਤੇ ਜ਼ਖ਼ਮੀ ਵੇਦਨਾ ਨੂੰ ਤਿੱਖਾ ਬੋਲ ਪ੍ਰਾਪਤ ਹੋਇਆ ਹੈ।ਗੁਰਮੀਤ ਕੱਲਰਮਾਜਰੀ, ਬਲਬੀਰ ਮਾਧੋਪੁਰੀ, ਮਦਨਵੀਰਾ, ਭਗਵਾਨ ਢਿੱਲੋਂ, ਡਾ. ਮਨਮੋਹਨ, ਬਲਬੀਰ ਪਰਵਾਨਾ, ਮਨਜੀਤ ਕਾਦਰ, ਧਰਮ ਕੰਮੇਆਣਾ, ਮੋਹਨ ਤਿਆਗੀ, ਮੋਹਨ ਮਤਿਆਲਵੀ, ਜੈ ਪਾਲ, ਇਕਬਾਲ ਘਾਰੂ ਅਤੇ ਹਰਨੇਕ ਕਲੇਰ ਦਲਿਤ ਮੁਕਤੀ ਦਾ ਪ੍ਰਵਚਨ ਸਿਰਜਣ ਵਾਲੇ ਪ੍ਰਮੁੱਖ ਕਵੀ ਹਨ।

ਦਲਿਤ ਚੇਤਨਾ ਵਾਂਗ ਹੀ ਨਾਰੀ ਚੇਤਨਾ ਦਾ ਪ੍ਰਵਚਨ ਵੀ ਸਗਵੇਂ ਰੂਪ ਵਿੱਚ ਪੰਜਾਬੀ ਕਾਵਿ ਚਿਤਰਪੱਟ ਤੇ ਪ੍ਰਸਤੁੱਤ ਹੁੰਦਾ ਹੈ। ਸਮਕਾਲੀ ਨਾਰੀ ਚੇਤਨਾ ਦੀ ਕਵਿਤਾ ਸ਼ਾਸਤਰੀ ਸੁਹਜ ਮਾਡਲਾਂ ਨੂੰ ਖੰਡਿਤ ਕਰਦੀ ਨਜ਼ਰ ਆਉਂਦੀ ਹੈ। ਇਹ ਕਵਿਤਾ ਬਹੁਤੀ ਵਾਰ ਤਾਂ ਨਾਰੀ ਸਪੇਸ ਲਈ ਮਰਦਾਵੇਂ ਪ੍ਰਵਚਨ ਦੇ ਵਿਰੋਧ ਵਿੱਚ ਖੜ੍ਹੀ ਨਜ਼ਰ ਆਉਂਦੀ ਹੈ, ਪਰ ਕੁੱਝ ਕਵਿਤਰੀਆਂ ਨੇ ਨਾਰੀ-ਮਰਦ ਸੰਵਾਦ ਦੀ ਕਵਿਤਾ ਵੀ ਰਚੀ ਹੈ।ਮਨਜੀਤ ਇੰਦਰਾ, ਪਾਲ ਕੌਰ, ਡਾ. ਵਨੀਤਾ, ਸੁਖਵਿੰਦਰ ਅੰਮ੍ਰਿਤ, ਸ਼ਸ਼ੀ ਸਮੁੰਦਰਾ, ਸਿਮਰਤ ਗਗਨ, ਨੀਰੂ ਅਸੀਮ, ਨੀਤੂ ਅਰੋੜਾ, ਰਜਿੰਦਰ ਰਾਜੀ ਆਦਿ ਦੀ ਕਵਿਤਾ ਇਸ ਪ੍ਰਸੰਗ ਵਿੱਚ ਰੱਖੀ ਜਾ ਸਕਦੀ ਹੈ। ਸਮੁੱਚੇ ਸਮਕਾਲੀ ਪੰਜਾਬੀ ਨਾਰੀ ਕਾਵਿ ਦੀ ਪ੍ਰਮੁੱਖ ਸੁਰ ਸਮਕਾਲੀ ਸਥਿੱਤੀਆਂ ਵਿੱਚ ਨਾਰੀ ਹੋਂਦ ਨੂੰ ਨਾਰੀ ਦੇ ਤੌਰ ਤੇ ਸਵੀਕਾਰੇ ਜਾਣ ਦੀ ਹੈ।

ਸਮਕਾਲੀ ਪੰਜਾਬੀ ਕਵਿਤਾ ਦਾ ਇੱਕ ਪਾਸਾਰ ਪ੍ਰਦੇਸਾਂ ਵਿੱਚ ਜਾ ਵਸੇ ਪੰਜਾਬੀ ਬੰਦੇ ਦੇ ਬਹੁਰੰਗੇ ਅਨੁਭਵਾਂ ਦੀ ਅਭਿਵਿਅਕਤੀ ਨਾਲ ਖੁੱਲ੍ਹਦਾ ਹੈ। ਪਰਵਾਸੀ ਪੰਜਾਬੀ ਕਵਿਤਾ ਹੁਣ ਸਿਰਫ ਪੀੜ੍ਹੀ ਪਾੜਾ, ਝੂਹੇਰਵਾ ਜਾਂ ਨਸਲੀ ਵਿਤਕਰੇ

ਤੱਕ ਸੀਮਤ ਨਹੀਂ। ਇਹ ਕਵਿਤਾ ਅਤਿ ਆਧੁਨਿਕ ਸਹੂਲਤਾਂ ਮਾਣ ਰਹੇ ਬੰਦੇ ਦੀ ਸੰਵੇਦਨਸ਼ੀਲ਼ਤਾ ਤੇ ਖੁਰ ਰਹੀ ਮਾਨਵੀ ਹੋਂਦ ਨਾਲ ਜੁੜੇ ਗੁੰਝਲਦਾਰ ਸਵਾਲਾਂ ਨਾਲ ਵੀ ਨਜਿੱਠਦੀ ਹੈ। ਅਜਮੇਰ ਰੋਡੇ, ਨਵਤੇਜ ਭਾਰਤੀ, ਇਕਬਾਲ ਰਾਮੂਵਾਲੀਆ, ਸੁਖਿੰਦਰ, ਸੁਰਿੰਦਰ ਧੰਜਲ, ਦਰਸ਼ਨ ਗਿੱਲ, ਜਗਤਾਰ ਢਾਅ, ਦੇਵ, ਸਤੀ ਕੁਮਾਰ, ਸੁਖਵਿੰਦਰ ਕੰਬੋਜ, ਰਵਿੰਦਰ ਸਹਿਰਾਅ, ਅਜਾਇਬ ਕਮਲ ਆਦਿ ਨੇ ਵਿਸ਼ੇਸ਼ ਅਰਥ ਸੰਰਚਨਾ ਵਿੱਚ ਘੜੀ ਜਾ ਰਹੀ ਸਾਇਕੀ ਦੇ ਪਰਤੌਂ ਸਿਰਜੇ ਹਨ।

ਲੋਕਧਾਰਾਈ, ਧਾਰਮਿਕ, ਇਤਿਹਾਸਿਕ ਅਤੇ ਮਿਥਿਹਾਸਿਕ ਮੁਹਾਵਰੇ ਨੂੰ ਅਪਣਾਉਣਾ ਸਮਕਾਲੀ ਪੰਜਾਬੀ ਕਵਿਤਾ ਦਾ ਇੱਕ ਹੋਰ ਰੁਝਾਨ ਹੈ, ਜਿਸ ਕਾਰਨ ਇਸ ਵਿੱਚੋਂ ਕਈ ਤਰ੍ਹਾਂ ਦੀਆਂ ਡੂੰਘੀਆਂ ਦਾਰਸ਼ਨਿਕ ਰਮਜ਼ਾਂ ਵੀ ਉਤਪੰਨ ਹੁੰਦੀਆਂ ਹਨ। 'ਕਮੰਡਲ' (ਜਸਵੰਤ ਦੀਦ), 'ਅਲਖ' (ਮਨਜੀਤ ਇੰਦਰਾ), 'ਕਾਮੇਸ਼ਵਰੀ' (ਸਵਰਨਜੀਤ ਸਵੀ), 'ਨਿਮਖ' (ਅਮਰਜੀਤ) ਅਤੇ 'ਨੀਲ ਕੰਠ' (ਮਨਮੋਹਨ) ਆਦਿ ਦੀ ਕਵਿਤਾ ਇਸ ਪ੍ਰਸੰਗ ਵਿੱਚ ਵੇਖੀ ਜਾ ਸਕਦੀ ਹੈ। ਇਹ ਕਵੀ ਸਮਕਾਲੀ ਯਥਾਰਥ ਦੀਆਂ ਜਟਿਲ ਸਥਿਤੀਆਂ ਨੂੰ ਇਤਿਹਾਸਿਕ/ਮਿਥਿਹਾਸਿਕ ਹਵਾਲਿਆਂ ਨਾਲ ਡੀਕੰਸਟਰਕਟ ਕਰਦੇ ਹਨ, ਜਿਸ ਨਾਲ ਅਸੀਮ ਅਰਥਗਤ ਸੰਭਾਵਨਾਵਾਂ ਪੈਦਾ ਹੁੰਦੀਆਂ ਹਨ।

ਸਮਕਾਲੀ ਪੰਜਾਬੀ ਕਵਿਤਾ ਵਿੱਚੋਂ ਕਿਸੇ ਵਡੇਰੇ ਮਾਨਵ-ਮੁਕਤੀ ਦੇ ਸੰਘਰਸ਼ ਦੀ ਧੁਨੀ ਖਾਰਜ ਹੈ। ਇਸ ਵਿੱਚ ਬੰਦੇ ਦੀ ਜ਼ਿੰਦਗੀ ਦੇ ਨਿੱਕੇ-ਨਿੱਕੇ ਤੌਖਲੇ, ਨਿੱਕੀਆਂ-ਨਿੱਕੀਆਂ ਘਾਟਾਂ ਅਤੇ ਨਿੱਕੇ-ਨਿੱਕੇ ਸਰੋਕਾਰਾਂ ਨੂੰ ਪ੍ਰਾਥਮਿਕਤਾ ਮਿਲੀ ਹੈ। ਸਮਾਨ ਵਿਚਾਰਧਾਰਾਵਾਂ ਨਾਲ ਪਰਨਾਈ ਹੋਈ ਸਮਕਾਲੀ ਕਵਿਤਾ ਕਿਸੇ ਘਟਨਾ ਜਾਂ ਵਰਤਾਰੇ ਦਾ ਪ੍ਰਤੀਰੋਧ ਸਿਰਜਦੀ ਹੈ। ਇਹ ਕਵਿਤਾ ਕਿਸੇ ਸਮੱਸਿਆ ਦਾ ਹੱਲ ਤਲਾਸ਼ਣ ਦੀ ਬਜਾਇ ਸਿਰਫ ਸਵਾਲ ਖੜ੍ਹਾ ਕਰਦੀ ਹੈ। ਇਹ ਕਵਿਤਾ ਜ਼ਿਆਦਾਤਰ ਬੰਦੇ ਦੇ ਅੰਦਰ-ਬਾਹਰ ਜਾਂ ਘਰ ਦੇ ਅੰਦਰ-ਬਾਹਰ ਫੈਲਦੀ ਹੈ। ਘਰ-ਪਰਿਵਾਰ ਦੇ ਮੈਂਬਰ ਇਸ ਦੇ ਪ੍ਰਮੁੱਖ ਚਿਹਨ ਬਣਦੇ ਹਨ, ਜਿਵੇਂ 'ਮਾਂ' (ਸਵਰਨਜੀਤ ਸਵੀ), 'ਪਿਤਾ' (ਡਾ. ਪਰਮਜੀਤ ਢੀਂਗਰਾ), ਮਹਿਬੂਬ, ਭੈਣ ਅਤੇ ਭਾਈ ਆਦਿ।ਸਮਕਾਲੀ ਪੰਜਾਬੀ ਕਵਿਤਾ ਰੂਪਾਕਾਰਕ ਪੱਧਰ ਉੱਪਰ ਇੱਕ ਤਰਫ ਲੰਮੀ ਕਵਿਤਾ/ਮਹਾਂਕਾਵਿ ਜਿਵੇਂ 'ਪੰਜ ਨਦੀਆਂ ਦਾ ਗੀਤ' (ਹਰਵਿੰਦਰ), 'ਪਲੰਘ-ਪੰਘੂੜਾ' (ਇਕਬਾਲ ਰਾਮੂਵਾਲੀਆ), 'ਕਾਮੇਸ਼ਵਰੀ' (ਸਵਰਨਜੀਤ ਸਵੀ) ਵੱਲ ਤੇ ਦੂਜੀ ਤਰਫ ਅਸਲੋਂ ਨਿੱਕੀ ਕਵਿਤਾ ਵੱਲ ਵੱਧ ਰਹੀ ਹੈ। ਇਸ ਵਿਚਲੀ ਜਟਿਲਤਾ ਅਤੇ ਸੰਚਾਰ ਦੀ ਸਮੱਸਿਆ ਕਾਰਨ ਕਈ ਵਾਰ ਸਧਾਰਨ ਪਾਠਕ ਇਸ ਕਵਿਤਾ ਨੂੰ ਸਮਝਣ ਵਿੱਚ ਅਸਮਰੱਥਾ ਵੀ ਜ਼ਾਹਿਰ ਕਰਦਾ ਹੈ, ਪਰ ਬਹੁਤੀ ਸਮਕਾਲੀ ਕਵਿਤਾ ਮੱਧਵਰਗੀ ਬੰਦੇ ਦੇ ਫਿਕਰ ਦੀ ਕਵਿਤਾ ਹੈ, ਜੋ ਕਿਸੇ ਪ੍ਰਵਿਰਤੀ ਜਾਂ ਵਾਦ ਤੋਂ ਉੱਪਰ ਉੱਠ ਕੇ ਸਮਕਾਲੀ ਸਥਿੱਤੀਆਂ ਵਿੱਚ ਸੰਵੇਦਨਾਹੀਣ ਬੰਦੇ ਅੰਦਰੋਂ ਖੁਰ ਰਹੀ ਮਾਨਵੀ ਹੋਂਦ ਨਾਲ ਸੰਵਾਦ ਰਚਾਉਂਦੀ ਹੈ।

ਭਾਵੇਂ ਪੰਜਾਬ ਦੇ ਸਮਕਾਲੀ ਯਥਾਰਥ ਪ੍ਰਤੀ ਸਭ ਤੋਂ ਪਹਿਲਾ ਅਤੇ ਫੌਰੀ ਪ੍ਰਤੀਕਰਮ ਕਵਿਤਾ ਦਾ ਹੀ ਹੈ, ਪਰ ਇਸ ਯਥਾਰਯ ਦੀ ਬਹੁ-ਅਯਾਮੀ ਅਤੇ ਬਹੁ-ਪਾਸਾਰੀ ਪੇਸ਼ਕਾਰੀ ਸਮਕਾਲੀ ਪੰਜਾਬੀ ਕਹਾਣੀ ਰਾਹੀਂ ਹੋ ਰਹੀ ਹੈ।ਸਮਕਾਲੀ ਪੰਜਾਬੀ ਕਹਾਣੀ ਨੇ ਜ਼ਿੰਦਗੀ ਦੇ ਅਤਿ ਗੁੰਝਲਦਾਰ ਮਸਲਿਆਂ, ਦੁਬਿਧਾਵਾਂ, ਆਕਾਂਖਿਆਵਾਂ ਨੂੰ ਤਾਂ ਪਕੜਿਆ ਹੀ ਹੈ, ਸਮਾਜਿਕ ਯਥਾਰਥ ਦੀ ਜਟਿਲਤਾ ਨੂੰ ਵੀ ਬਾਖੂਬੀ ਫੜਿਆ ਹੈ। ਪੰਜਾਬੀ ਬੰਦਾ ਆਪਣੀਆਂ ਸੀਮਾਵਾਂ, ਸੰਭਾਵਨਾਵਾਂ, ਖੂਬੀਆਂ ਅਤੇ ਕਮੀਨਗੀਆਂ ਸਮੇਤ ਇਸ ਕਹਾਣੀ ਦੇ ਕੇਂਦਰ ਵਿੱਚ ਹੈ। ਸਮਕਾਲੀ ਪੰਜਾਬੀ ਕਹਾਣੀਕਾਰਾਂ

ਦੀ ਖੂਬੀ ਹੀ ਇਹ ਹੈ ਕਿ ਉਹ ਅਤਿ ਦੀ ਜਟਿਲ ਮਨੋਸੰਰਚਨਾ ਅਤੇ ਅਤਿ ਦੇ ਜਟਿਲ ਸਮਾਜਿਕ ਯਥਾਰਥ ਨੂੰ ਸਹਿਜ ਰੂਪ ਵਿੱਚ ਚਿਤਰਦੇ ਹਨ।

ਸਮਕਾਲੀ ਪੰਜਾਬੀ ਕਹਾਣੀ ਵਿੱਚ ਪੇਸ਼ ਹੋਣ ਵਾਲਾ ਬੰਦਾ ਭਾਵੇਂ ਵਿਭਿੰਨ ਸਮਾਜਕ, ਸੱਭਿਆਚਾਰਕ, ਨਸਲੀ, ਜਾਤੀ, ਜਮਾਤੀ ਅਤੇ ਜੈਵਿਕ ਵਖਰੇਵਿਆਂ ਵਿੱਚ ਵੰਡਿਆ ਹੋਇਆ ਹੈ, ਪਰ ਇਸਦੇ ਮੂਲ ਮਸਲੇ, ਦਵੰਦ, ਸੰਕਟ, ਭੁੱਖਾਂ, ਤੇਹਾਂ ਅਤੇ ਪੀੜਾਂ ਥੋੜੇ ਬਹੁਤੇ ਫਰਕ ਨਾਲ ਸਾਂਝੀਆਂ ਹੀ ਹਨ। ਹੁਣ ਜਦੋਂ ਬੰਦਾ ਇੱਕੋ ਵੇਲੇ ਗਲੋਬਲੀ ਪਰਿਪੇਖ ਨਾਲ ਵੀ ਜੁੜਿਆ ਹੈ ਤੇ ਸਥਾਨਕ ਪਛਾਣਾਂ ਦੇ ਵੀ ਸਨਮੁੱਖ ਹੈ ਤਾਂ ਵਿਸ਼ਵ ਪੱਧਰ ਤੇ ਵਾਪਰਨ ਵਾਲੇ ਵਰਤਾਰਿਆਂ ਤੋਂ ਉਸਦੀ ਸਥਾਨਕ ਪਛਾਣ ਦਾ ਪ੍ਰਭਾਵਿਤ ਹੋਣਾ ਲਾਜ਼ਮੀ ਹੈ।ਇਸੇ ਚਿੰਤਨ ਚੇਤਨਾ ਵਿੱਚੋਂ ਹੀ ਹਾਸ਼ੀਆਕ੍ਰਿਤਾਂ, ਨਾਰੀਆਂ, ਦਲਿਤਾਂ, ਕਿਸਾਨਾਂ ਤੇ ਵਿਸ਼ੇਸ਼ ਸਥਿੱਤੀਆਂ ਦੀ ਪੈਦਾਵਾਰ ਖੰਡਿਤ ਮਾਨਸਿਕਤਾ, ਰਿਸ਼ਤਿਆਂ ਦੀਆਂ ਨਵੀਨ ਸਮੀਕਰਣਾਂ, ਮਾਨਵੀ ਵਤੀਰੇ ਵਿੱਚ ਆਏ ਵਿਆਪਕ ਬਦਲਾਵ ਦਾ ਪ੍ਰਵਚਨ ਹੀ ਸਮਕਾਲੀ ਪੰਜਾਬੀ ਕਹਾਣੀ ਦੇ ਬਿਰਤਾਂਤ ਵਿੱਚ ਇੱਕ ਵੱਖਰੀ ਸਪੇਸ ਗ੍ਰਹਿਣ ਕਰਦਾ ਹੈ।

ਸਮਕਾਲੀ ਪੰਜਾਬੀ ਕਹਾਣੀ ਦੇ ਮੱਧਵਰਗੀ ਬੰਦਾ ਪੂਰੀ ਤਰ੍ਹਾਂ ਮੇਚ ਆਇਆ ਹੈ। ਮੱਧਵਰਗੀ ਮਨੁੱਖ ਦੀਆਂ ਲਾਲਸਾਵਾਂ, ਅਕਾਂਖਿਆਵਾਂ ਅਤੇ ਉਪਭੋਗੀ ਬਿਰਤੀ ਨੇ ਇਸ ਵਰਗ ਵਿੱਚ ਕਈ ਤਰ੍ਹਾਂ ਦੀਆਂ ਬੇਤਰਤੀਬੀਆਂ ਪੈਦਾ ਕੀਤੀਆਂ ਹਨ। ਮੱਧ ਵਰਗੀ ਬੰਦੇ ਦੀ ਖੰਡਿਤ ਮਨੋਸੰਰਚਨਾ, ਰਿਸ਼ਤਿਆਂ ਦੀ ਤਿੜਕਣ(?) ਤੇ ਭੋਗੀ ਬਿਰਤੀ ਨੂੰ ਸਮਕਾਲੀ ਕਹਾਣੀਕਾਰਾਂ ਨੇ ਸਮੁੱਚਤਾ ਵਿੱਚ ਪਕੜਿਆ ਹੈ। ਪ੍ਰੇਮ ਪ੍ਰਕਾਸ਼, ਸੁਖਜੀਤ, ਜਿੰਦਰ, ਤਲਵਿੰਦਰ ਸਿੰਘ, ਬਲਵਿੰਦਰ ਗਰੇਵਾਲ, ਤਰਲੋਚਨ ਸਿੰਘ ਭਾਟੀਆ, ਜਰਨੈਲ ਸਿੰਘ, ਅਜਮੇਰ ਸਿੱਧੂ, ਜਸਵੀਰ ਸਿੰਘ ਰਾਣਾ, ਜਤਿੰਦਰ ਹਾਂਸ, ਸਾਂਵਲ ਧਾਮੀ, ਦੇਸਰਾਜ ਕਾਲੀ, ਭਗਵੰਤ ਰਸੂਲਪੁਰੀ, ਹਰਪ੍ਰੀਤ ਸੇਖਾ, ਅਮਨਪਾਲ ਸਾਰਾ, ਸੁਖਵੰਤ ਕੌਰ ਮਾਨ, ਪਰਵੇਜ਼ ਸੰਧੂ ਅਤੇ ਵੀਨਾ ਵਰਮਾ ਆਦਿ ਕਹਾਣੀਕਾਰ ਮੱਧਵਰਗੀ ਬੰਦੇ ਦੀ ਸੰਕਟਸ਼ੀਲ, ਦਵੰਦ ਭਰਪੂਰ ਸਾਇਕੀ ਨੂੰ ਫੜਨ ਦੇ ਆਹਰ ਵਿੱਚ ਹਨ। 'ਅੰਤਰਾ', 'ਬਰਫ' (ਸੁਖਜੀਤ), 'ਕਸਤੂਰੀ', 'ਦਮੂੰਹੀ' (ਜਸਵਿੰਦਰ ਸਿੰਘ), 'ਕਸੀਰ', 'ਤ੍ਰਿੰਝਣ' ਅਤੇ 'ਗਲੇਸ਼ੀਅਰ' (ਤਲਵਿੰਦਰ), 'ਇਸ ਵਾਰ ਨਹੀਂ', 'ਸ਼ਾਇਦ ਰੰਮੀ ਮੰਨ ਜਾਏ', 'ਜਹਾਜ਼ ਵਾਲੀ ਟੈਂਕੀ' (ਅਜਮੇਰ ਸਿੱਧੂ), 'ਯੁੱਧ ਖੇਤਰ' , 'ਖੰਡੇ ਦੀ ਧਾਰ' (ਬਲਵਿੰਦਰ ਗਰੇਵਾਲ), 'ਕ੍ਰਾਂਤੀ ਕਿਉਂ ਨਹੀਂ ਆਉਂਦੀ' (ਬਲਜਿੰਦਰ ਨਸਰਾਲੀ), 'ਚੂੜੇ ਵਾਲੀ ਬਾਂਹ', 'ਖਿੱਤੀਆਂ ਘੁੰਮ ਰਹੀਆਂ ਨੇ' (ਜਸਵੀਰ ਸਿੰਘ ਰਾਣਾ), 'ਦੋ ਟਾਪੂ' , 'ਪਛਾਣ' (ਜਰਨੈਲ ਸਿੰਘ) ਅਤੇ 'ਵੀਹਾਂ ਦਾ ਨੋਟ' (ਅਮਨਪਾਲ ਸਾਰਾ) ਆਦਿ ਕਹਾਣੀਆਂ ਮੱਧਵਰਗੀ ਬੰਦੇ ਦੇ ਨਿੱਜੀ ਸਰੋਕਾਰਾਂ, ਅਕਾਂਖਿਆਵਾਂ, ਮਾਨਸਿਕ ਭੁੱਖਾਂ ਅਤੇ ਸਮਾਜਕ ਤੇ ਪਰਿਵਾਰਿਕ ਰਿਸ਼ਤਿਆਂ ਦੀਆਂ ਬਹੁਪਰਤੀ ਰਮਜ਼ਾਂ ਛੇੜਦੀਆਂ ਹਨ। ਇਹ ਕਹਾਣੀਆਂ ਖੰਡਿਤ ਮਨੋਬਿਰਤੀ, ਮਨੋਗੁੰਝਲਾਂ ਅਤੇ ਤਣਾਵਾਂ ਨੂੰ ਤਾਂ ਪੇਸ਼ ਕਰਦੀਆਂ ਹੀ ਹਨ, ਕਾਮ ਅਤੇ ਕਾਮਨਾ ਦੇ ਵਿਭਿੰਨ ਪਾਸਾਰਾਂ ਦਾ ਬਹੁਪਰਤੀ ਅਤੇ ਬਹੁਅਯਾਮੀ ਬਿਰਤਾਂਤ ਵੀ ਸਿਰਜੀਆਂ ਹਨ। ਸਮਕਾਲੀ ਕਹਾਣੀ ਦੇ ਪਾਤਰਾਂ ਅੰਦਰ ਰੂਹ ਦਾ ਰੱਜ ਨਹੀਂ ਹੈ।

ਆਧੁਨਿਕ ਪੂੰਜੀਵਾਦੀ ਅਰਥ ਪ੍ਰਬੰਧ ਅਤੇ ਵਿਸ਼ਵੀਕਰਨ ਦੇ ਦੌਰ ਵਿੱਚ ਪੰਜਾਬ ਦਾ ਕਿਸਾਨ ਅਤੇ ਕਿਸਾਨੀ ਡਾਵਾਂਡੋਲ ਸਥਿੱਤੀ ਵਿੱਚ ਨਜ਼ਰ ਆਉਂਦੇ ਹਨ।ਇਹਨਾਂ ਦੀ ਆਰਥਿਕ ਮੰਦਹਾਲੀ, ਪਰਿਵਾਰਿਕ ਵਿਗਠਨ ਅਤੇ ਸਮਾਜਿਕ

ਪਛਾਣ ਦਾ ਸੰਕਟ ਇਨ੍ਹਾਂ ਅੰਦਰ ਬੇ-ਮਾਇਨਗੀ ਦਾ ਅਹਿਸਾਸ ਪੈਦਾ ਕਰਦਾ ਹੈ।ਜ਼ਿੰਦਗੀ ਦੇ ਜ਼ਸ਼ਨ ਵਿੱਚੋਂ ਉਸਦੇ ਬੇ-ਪਛਾਣ ਹੋ ਜਾਣ ਦੀ ਤ੍ਰਾਸਦਕ ਸਥਿੱਤੀ ਨੂੰ ਸਮਝਣ ਅਤੇ ਬਿਆਨ ਕਰਨ ਵਾਲੀਆਂ ਮਹੱਤਵਪੂਰਨ ਕਹਾਣੀਆਂ ਵਿੱਚ 'ਮੋਹ ਮਿੱਟੀ' (ਸੁਖਵੰਤ ਕੌਰ ਮਾਨ), 'ਕਾਰਗਿਲ' (ਬਲਦੇਵ ਧਾਲੀਵਾਲ), 'ਸਿਖਰ ਦੁਪਹਿਰਾ', 'ਜ਼ਰਾ ਬਚ ਕੇ ਮੋੜ ਤੋਂ' (ਜਸਵੀਰ ਰਾਣਾ), 'ਜੇ ਆਪਣੀ ਬਿਰਥਾ ਕਹੂੰ' (ਬਲਜਿੰਦਰ ਨਸਰਾਲੀ), 'ਛਿੱਟ ਕੁ ਕਹਾਣੀ' (ਜਤਿੰਦਰ ਹਾਂਸ), 'ਨਾਗ' (ਸੁਖਰਾਜ ਧਾਲੀਵਾਲ) ਅਤੇ 'ਬੋਨਸ' (ਬਲਦੇਵ ਸਿੰਘ) ਆਦਿ ਰੱਖੀਆਂ ਜਾ ਸਕਦੀਆਂ ਹਨ। ਸਮਕਾਲੀ ਪੰਜਾਬੀ ਕਹਾਣੀ ਦਾ ਇੱਕ ਪਾਸਾਰ ਹਾਸ਼ੀਏ ਤੋਂ ਕੇਂਦਰ ਵੱਲ ਸਰਕ ਰਹੀ ਦਲਿਤ ਪਛਾਣ ਨਾਲ ਜੁੜਿਆ ਹੈ। ਸਮਕਾਲੀ ਪੰਜਾਬੀ ਕਹਾਣੀ ਵਿੱਚ ਦਲਿਤ ਲੋਕ ਕਿਸੇ ਹਮਦਰਦੀ ਦੇ ਪਾਤਰ ਨਹੀਂ ਬਣਦੇ, ਸਗੋਂ ਮਾਨਵੀ ਗੌਰਵ ਵਾਲੀ ਆਪਣੀ ਸਪੇਸ ਸਿਰਜਦੇ ਨਜ਼ਰ ਆਉਂਦੇ ਹਨ। ਦਲਿਤ ਚੇਤਨਾ ਨਾਲ ਜੁੜੇ ਹੋਏ ਦਲਿਤ ਅਤੇ ਗੈਰ ਦਲਿਤ ਪ੍ਰਵਚਨ ਵਿੱਚੋਂ ਪ੍ਰਮੁੱਖ ਕਹਾਣੀਆਂ ਜਿਨ੍ਹਾਂ ਵਿੱਚ ਦਲਿਤ ਹੋਂਦ ਅਤੇ ਹੋਣੀ ਦੇ ਨਾਲ ਨਾਲ ਦਲਿਤ ਮੁਕਤੀ ਦਾ ਪੈਰਾਡਾਈਮ ਸਿਰਜਿਆ ਗਿਆ ਹੈ, ਇਹ ਹਨ : 'ਸੌਰੀ' (ਜਿੰਦਰ), 'ਫੈਸਲਾ', 'ਜੜ੍ਹਾਂ' (ਭਗਵੰਤ ਰਸੂਲਪੁਰੀ), 'ਤੀਜਾ ਯੁੱਧ' (ਅਤਰਜੀਤ), 'ਘਰ ਦਾ ਜੀਅ' (ਜਸਵਿੰਦਰ ਸਿੰਘ), 'ਕੁੱਤੀ ਵਿਹੜਾ' (ਮਨਿੰਦਰ ਕਾਂਗ), 'ਮੋਚੀ ਦਾ ਪੁੱਤ' (ਮੋਹਨ ਲਾਲ ਫਿਲੋਰੀਆ) ਅਤੇ 'ਜ਼ਖਮਾਂ ਦੇ ਰਸਤਿਉਂ', 'ਫਕੀਰੀ' (ਦੇਸ ਰਾਜ ਕਾਲੀ) ਆਦਿ।

ਸਮਕਾਲੀ ਪੰਜਾਬੀ ਕਹਾਣੀ ਵਿੱਚ ਸਭ ਤੋਂ ਵੱਧ ਆਕਰਸ਼ਕ ਅਤੇ ਸਭ ਤੋਂ ਵੱਧ ਥਾਂ ਘੇਰਨ ਵਾਲਾ ਮੁੱਦਾ ਕਾਮ, ਕਾਮਨਾ, ਔਰਤ-ਮਰਦ ਸੰਬੰਧ ਤੇ ਨਾਰੀ ਮਾਨਸਿਕਤਾ ਨਾਲ ਜੁੜਿਆ ਹੋਇਆ ਹੈ। ਅੱਜ ਦੀ ਪੰਜਾਬੀ ਕਹਾਣੀ ਵਿੱਚ ਪੇਸ਼ ਹੋਣ ਵਾਲੀ ਔਰਤ ਅਸਲੋਂ ਦੱਬੀ ਕੁਚਲੀ ਜਾਂ ਨਪੀੜੀ ਹੋਈ ਔਰਤ ਨਹੀਂ ਹੈ। ਇਹ ਪੜ੍ਹੀ ਲਿਖੀ, ਨੌਕਰੀ ਪੇਸ਼ਾ ਮੱਧਵਰਗੀ ਔਰਤ ਹੈ।। ਇਹ ਚੇਤੰਨ ਔਰਤ ਸਮਾਜਿਕ ਸੱਭਿਆਚਾਰਕ ਵਰਜਨਾਵਾਂ ਦੇ ਨਾਲ-ਨਾਲ ਮਰਦ ਸੱਤਾ ਨੂੰ ਤੋੜਦੀ ਹੋਈ ਨਜ਼ਰ ਆਉਂਦੀ ਹੈ।ਸਮਕਾਲੀ ਪੰਜਾਬੀ ਕਹਾਣੀ ਵਿੱਚ ਨਾਰੀ ਨਿਰਾ ਜਸ਼ਨ ਦਾ ਵਸੀਲਾ ਨਹੀਂ ਸਗੋਂ ਸਵੈ-ਅਕਾਂਖਿਆ ਸੰਗ ਪਰਨਾਈ ਹੋਈ ਇਹ ਨਾਰੀ ਆਪਣੀਆਂ ਸ਼ਰਤਾਂ ਉੱਪਰ ਮਰਦ ਨੂੰ ਭੋਗਣ ਦਾ ਹੈਜਮੋਨਿਕ(?) ਰਸਤਾ ਅਖਤਿਆਰ ਕਰਦੀ ਹੈ।ਉਹ ਸਥਾਪਿਤ ਨੈਤਿਕ, ਸਮਾਜਿਕ ਅਤੇ ਧਾਰਮਿਕ ਜਕੜਬੰਦੀਆਂ ਤੋਂ ਪਾਰ ਜਾਣ ਲਈ ਨਾਬਰ ਹੁੰਦੀ ਹੈ।ਸਮਕਾਲੀ ਪੰਜਾਬੀ ਕਹਾਣੀ ਨੇ ਔਰਤ ਦੇ ਇਸ ਕ੍ਰਾਂਤੀਕਾਰੀ ਰੂਪ ਨੂੰ ਤਲਾਸ਼ਿਆ ਅਤੇ ਪੇਸ਼ ਕੀਤਾ ਹੈ।'ਮੈਂ ਰੇਪ ਨੂੰ ਇੰਜੁਆਏ ਕਰਦੀ ਹਾਂ' ਕਹਾਣੀ ਵਿੱਚ ਸੁਖਜੀਤ ਨੇ ਵਿਸ਼ੇਸ਼ ਭਾਸ਼ਾਈ ਸ਼ੈਲੀ ਰਾਹੀਂ ਔਰਤ-ਮਰਦ ਸੰਬੰਧਾਂ ਵਿੱਚ ਸ਼ਕਤੀ/ਸੱਤਾ ਦੀਆਂ ਨਵੀਆਂ ਸਮੀਕਰਨਾਂ ਸਿਰਜ ਕੇ ਨਾਰੀ ਮਾਨਸਿਕਤਾ ਦੀਆਂ ਅਤਿ ਗੁੰਝਲਦਾਰ ਪਰਤਾਂ ਨੂੰ ਖੋਲ੍ਹਿਆ ਹੈ।'ਫਰੰਗੀਆਂ ਦੀ ਨੂੰਹ' (ਵੀਨਾ ਵਰਮਾ), 'ਮੱਛੀਆਂ' (ਨਿਰਮਲ ਜਸਵਾਲ), 'ਸਤਖਸਮੀ' (ਅਫਜ਼ਲ ਤੌਸੀਫ), 'ਯੁੱਧ ਖੇਤਰ', 'ਖੰਡੇ ਦੀ ਧਾਰ' (ਬਲਵਿੰਦਰ ਗਰੇਵਾਲ), 'ਵਿਚਲੀ ਔਰਤ', 'ਗਲੇਸ਼ੀਅਰ' (ਤਲਵਿੰਦਰ ਸਿੰਘ) ਆਦਿ ਕਹਾਣੀਆਂ ਮਰਦ ਸੱਤਾ ਵਿਰੁੱਧ ਨਾਰੀ ਆਕ੍ਰੋਸ਼ ਅਤੇ ਵਿਦਰੋਹ ਦੀਆਂ ਪ੍ਰਤੀ ਧੁਨੀਆਂ ਸਿਰਜਦੀਆਂ ਹਨ। ਨਾਰੀ ਨਾਇਕਾਵਾਂ ਦੁਆਰਾ ਵਰਜਨਾਵਾਂ ਉਲੰਘਣ ਦੀ ਪਿਰਤ ਪ੍ਰੇਮ ਪ੍ਰਕਾਸ਼ ਨੇ 'ਡੈਡਲਾਈਨ' ਕਹਾਣੀ ਰਾਹੀਂ ਪਾਈ ਸੀ, ਪਰ ਸਮਕਾਲੀ ਕਹਾਣੀਕਾਰ ਉਸ ਤੋਂ ਵੀ ਅਗਲੇਰੀ ਸੋਚ ਨੂੰ ਬਿਆਨ ਕਰ ਰਹੇ ਹਨ।

ਪਰਵਾਸੀ ਅਨੁਭਵ ਸਮਕਾਲੀ ਪੰਜਾਬੀ ਕਹਾਣੀ ਵਿੱਚ ਭਰਪੂਰ ਰੂਪ ਵਿੱਚ ਪੇਸ਼ ਹੋਇਆ ਹੈ।ਸਮਕਾਲੀ ਪਰਵਾਸੀ ਕਹਾਣੀ ਦੀ ਖੂਬੀ ਇਹ ਹੈ ਕਿ ਇਹ ਸਿਰਫ ਪੀੜੀ ਪਾੜੇ, ਭੂਹੇਰਵੇ ਜਾਂ ਜਾਤੀ, ਜਮਾਤੀ ਅਤੇ ਨਸਲੀ ਪਛਾਣ ਦੇ ਵਿਤਕਰਿਆਂ ਤੱਕ ਸੀਮਤ ਨਹੀਂ ਰਹਿੰਦੀ ਸਗੋਂ ਆਪਣੀਆਂ ਅਤੇ ਬੇਗਾਨੀਆਂ ਸੱਭਿਆਚਾਰਿਕ ਕਦਰਾਂ ਕੀਮਤਾਂ ਨਾਲ ਸੰਵਾਦ ਰਚਾ ਰਹੀ ਹੈ।ਬੇਗਾਨੀ ਸੱਭਿਆਚਾਰਕ ਸਪੇਸ ਵਿੱਚ ਵਿਚਰ ਰਹੇ ਇਹ ਬਿਰਤਾਂਤਕਾਰ ਪੰਜਾਬੀ ਡਾਇਸਪੋਰੇ ਦੀ ਹਾਸ਼ੀਆਕ੍ਰਿਤ ਸਥਿੱਤੀ ਤੋਂ ਪਾਰ ਜਾਣ ਦੇ ਯਤਨਾਂ ਵਿੱਚ ਹਨ।'ਦੋ ਟਾਪੂ', 'ਟਾਵਰਜ਼' (ਜਰਨੈਲ ਸਿੰਘ), 'ਬਿਨ ਸਿੰਗੇ ਸਾਨ' (ਪ੍ਰੋ. ਹਰਭਜਨ ਸਿੰਘ), 'ਬੇਘਰੇ' (ਪਰਵੇਜ਼ ਸੰਧੂ), 'ਬੇਗਮ ਤੇ ਗੁਲਾਮ' (ਦਵਿੰਦਰ ਮਲਹਾਂਸ) ਆਦਿ ਤੋਂ ਇਲਾਵਾ ਹਰਪ੍ਰੀਤ ਸੇਖਾ, ਮੇਜਰ ਮਾਂਗਟ,ਅਮਨਪਾਲ ਸਾਰਾ, ਸੰਤੋਖ ਧਾਲੀਵਾਲ, ਹਰਜੀਤ ਅਟਵਾਲ ਅਤੇ ਪਾਲੀ ਸਿੰਘ ਦੀਆਂ ਕਹਾਣੀਆਂ ਬੇਗਾਨੀ ਰਹਿਤਲ ਵਿੱਚ ਵਿਚਰ ਰਹੇ ਬੰਦੇ ਦੇ ਅਨੁਭਵਾਂ ਰਾਹੀਂ ਵੱਡੇ ਸਵਾਲ ਸਿਰਜਦੀਆਂ ਹਨ।

ਸਮਕਾਲੀ ਪੰਜਾਬੀ ਸਮਾਜ ਦੇ ਉਕਤ ਪਾਸਾਰਾਂ ਨਾਰੀ ਚੇਤਨਾ, ਦਲਿਤ ਚੇਤਨਾ, ਪਰਵਾਸੀ ਅਨੁਭਵ, ਕਿਸਾਨੀ ਸਰੋਕਾਰਾਂ ਅਤੇ ਮੱਧਵਰਗੀ ਬੰਦੇ ਦੇ ਵਿਭਿੰਨ ਪਾਸਾਰਾਂ ਨੂੰ ਵਿਅਕਤ ਕਰਨ ਲਈ ਸਮਕਾਲੀ ਪੰਜਾਬੀ ਕਹਾਣੀ ਦੀ ਜੁਗਤ ਪ੍ਰਮੁੱਖ ਤੌਰ ਤੇ 'ਮੈਂ ਮੂਲਕਤਾ' ਦੀ ਰਹਿੰਦੀ ਹੈ। ਇਹ ਲਕੀਰੀ ਬਿਰਤਾਂਤ ਦੀ ਥਾਂ ਜਟਿਲ ਬਿਰਤਾਂਤ ਦੀ ਧਾਰਨੀ ਹੈ ਜਿਸ ਵਿੱਚੋਂ ਇੱਕੋ ਸਮੇਂ ਕਈ ਛੋਟੇ-ਛੋਟੇ ਬਿਰਤਾਂਤ ਚਲਦੇ ਹਨ ਜਿਹੜੇ ਜੀਵਨ ਯਥਾਰਥ ਦੀ ਜਟਿਲਤਾ ਨੂੰ ਫੜਨ ਦੇ ਆਹਰ ਵਿੱਚ ਰਹਿੰਦੇ ਹਨ। ਬਿਰਤਾਂਤਕਾਰੀ ਦੀ ਸਵੈ ਪੜਚੋਲ ਦੇ ਰਾਹ ਪਈ ਇਹ ਕਹਾਣੀ ਆਤਮ ਮੰਥਨ ਰਾਹੀਂ ਜ਼ਿੰਦਗੀ ਦੀਆਂ ਅਤਿ ਗੁੰਝਲਦਾਰ ਪਰਤਾਂ ਅਤੇ ਮਨੋਸੰਰਚਨਾ ਵਿੱਚ ਵਿਚਰ ਰਹੇ ਸੰਸਿਆਂ, ਸੰਕਟਾਂ ਅਤੇ ਝੋਰਿਆਂ ਨੂੰ ਯਥਾਰਥਕ ਸਮਤਲ ਉੱਪਰ ਬਿਆਨ ਕਰਦੀ ਹੈ। ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਸਮਕਾਲੀ ਪੰਜਾਬੀ ਕਹਾਣੀ ਪੰਜਾਬੀ ਬੰਦੇ ਅਤੇ ਉਸਦੀ ਜ਼ਿੰਦਗੀ ਦੇ ਵਿਭਿੰਨ ਸਰੋਕਾਰਾਂ, ਸਮਾਜਿਕ, ਸੱਭਿਆਚਾਰਕ ਅਤੇ ਜੈਵਿਕ ਪਛਾਣਾਂ ਦੇ ਬਹੁਪਰਤੀ ਯਥਾਰਥ ਨਾਲ ਜੁੜੀ ਹੋਈ ਹੈ।

ਨਾਵਲ ਨੂੰ ਸਭ ਤੋਂ ਵੱਧ ਯਥਾਰਥ ਧਰਮੀ ਵਿਧਾ ਮੰਨਿਆ ਜਾਂਦਾ ਹੈ।ਪੰਜਾਬੀ ਨਾਵਲ ਵੀ ਬਹੁਤਾ ਕਰਕੇ ਯਥਾਰਥ ਚਿਤਰਣ ਅਤੇ ਖਾਸ ਤੌਰ ਤੇ ਅਲੋਚਨਾਤਮਕ ਯਥਾਰਥ ਚਿਤਰਣ ਹੀ ਕਰਦਾ ਰਿਹਾ ਹੈ।ਇਸ ਕਰਕੇ ਇਸਦੀ ਮੁੱਖ ਸੁਰ ਪ੍ਰਗਤੀਵਾਦੀ ਹੀ ਰਹੀ ਹੈ ਤੇ ਹੁਣ ਵੀ ਥੋੜੇ ਬਹੁਤੇ ਅਪਵਾਦਾਂ ਨੂੰ ਛੱਡ ਕੇ ਇਹੀ ਹੈ।ਪੰਜਾਬੀ ਦੇ ਸਮਕਾਲੀ ਨਾਵਲਕਾਰ ਵਰਤਮਾਨ ਵਿਸ਼ਵੀ ਸਥਿੱਤੀਆਂ ਤੋਂ ਕਾਫੀ ਪ੍ਰਭਾਵਿਤ ਨਜ਼ਰ ਆਉਂਦੇ ਹਨ। ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਸੰਕਟਾਂ ਦੇ ਨਾਲ ਨਾਲ ਮਾਨਵੀ ਰਿਸ਼ਤੇ, ਮਾਨਸਿਕ ਸੰਕਟ, ਅਸਤਿਤਵੀ ਵਿਗਠਨ, ਸੱਭਿਆਚਾਰਕ ਪਛਾਣ ਦੇ ਗੁੰਮ ਜਾਣ ਅਤੇ ਕਈ ਤਰ੍ਹਾਂ ਦੇ ਜਾਤੀ ਜਮਾਤੀ ਦਵੰਦਾਂ ਨੂੰ ਇਹ ਆਪਣੇ ਕਲੇਵਰ ਵਿੱਚ ਸਮੇਟ ਰਿਹਾ ਹੈ।

ਅੱਜ ਦੇ ਪੰਜਾਬੀ ਨਾਵਲ ਦੇ ਧਰਾਤਲ ਤੇ ਸਭ ਤੋਂ ਵੱਧ ਛਾਇਆ ਜਾਣ ਵਾਲਾ ਮੁੱਦਾ ਟੁੱਟ ਰਹੀ ਕਿਸਾਨੀ ਦਾ ਹੈ। ਹਰੀ ਕ੍ਰਾਂਤੀ ਨੇ ਪੰਜਾਬ ਦੀ ਕਿਸਾਨੀ ਦੇ ਇੱਕ ਤਬਕੇ ਨੂੰ ਖੁਸ਼ਹਾਲ ਕੀਤਾ ਹੈ ਤਾਂ ਦੂਜੇ ਪਾਸੇ ਨਿਮਨ ਕਿਸਾਨੀ, ਮਹਿੰਗੇ ਵਾਹੀ-ਸੰਦਾਂ,ਬੀਜਾਂ ਤੇ ਕੀੜੇਮਾਰ ਦਵਾਈਆਂ, ਘਟਦੇ ਫਸਲੀ ਝਾੜਾਂ ਕਾਰਨ ਅਤਿ ਚਿੰਤਾਜਨਕ ਸਥਿੱਤੀ ਤੇ ਪਹੁੰਚ ਚੁੱਕੀ ਹੈ।ਪੰਜਾਬੀ ਨਾਵਲ ਨੇ ਕਿਸਾਨੀ ਦੀ ਨਿੱਘਰੀ ਹੋਈ ਹਾਲਤ, ਪਰਿਵਾਰਿਕ ਵਿਗਠਨ, ਪੀੜ੍ਹੀ ਦਰ ਪੀੜ੍ਹੀ ਘਟਦੀ ਜ਼ਮੀਨ ਦੇ ਕਾਰਨ ਪੈਦਾ ਹੋਈਆਂ ਮਾਰੂ ਸਥਿਤੀਆਂ ਨੂੰ ਬਾਖੂਬੀ ਪਕੜਿਆ ਹੈ।'ਅੰਨਦਾਤਾ' (ਬਲਦੇਵ ਸਿੰਘ), 'ਕਣਕਾਂ ਦਾ

ਕਤਲਾਮ', 'ਦੁੱਲੇ ਦੀ ਢਾਬ'(ਰਾਮ ਸਰੂਪ ਅਣਖੀ), 'ਰੋਹੀ ਬੀਆਬਾਨ' (ਕਰਮਜੀਤ ਕੁੱਸਾ), 'ਅਰਥ' (ਪਰਮਜੀਤ ਜੱਜ), 'ਇਹਨਾਂ ਰਾਹਾਂ ਤੇ' (ਅਵਤਾਰ ਬਲਿੰਗ), 'ਪੈਰਾਂ ਹੇਠਲੀ ਧਰਤੀ' (ਬਲਜੀਤ ਕੌਰ ਬਲੀ) ਆਦਿ ਵਿੱਚ ਪੰਜਾਬੀ ਕਿਸਾਨੀ ਦੀ ਨਿੱਘਰ ਰਹੀ ਸਥਿਤੀ, ਮਾਨਸਿਕ ਅਤੇ ਅਵਚੇਤਨੀ ਪੱਧਰ ਤੇ ਵਿਆਪ ਰਹੇ ਸੰਕਟਾਂ ਨੂੰ ਯਥਾਰਥਕ ਰੂਪ ਵਿੱਚ ਚਿਤਰਿਆ ਹੈ। ਇਸ ਦੇ ਸਮਾਨਾਂਤਰ ਸਾਡੇ ਸਮਕਾਲੀ ਪ੍ਰਬੰਧਕੀ ਢਾਂਚੇ ਵਿੱਚ ਸਥਾਪਤ ਕੀਤੇ ਗਏ ਪੁਲਿਸ ਪ੍ਰਬੰਧ, ਨਿਆਂ ਪ੍ਰਬੰਧ ਅਤੇ ਜੇਲ੍ਹ ਪ੍ਰਬੰਧ ਦੇ ਅਮਾਨਵੀ, ਭ੍ਰਿਸ਼ਟ ਅਤੇ ਵਿਡੰਬਨਾਕਾਰੀ ਵਿਵਹਾਰ ਨੂੰ ਯਥਾਰਥਕ ਰੂਪ ਵਿੱਚ ਪੇਸ਼ ਕਰਨ ਵਾਲਾ ਪ੍ਰਬੁੱਧ ਗਲਪਕਾਰ ਮਿੱਤਰ ਜੈਨ ਮੀਤ ਹੈ।'ਤਫਤੀਸ਼', 'ਕਟਿਹਰਾ', 'ਕੌਰਵ ਸਭਾ' ਅਤੇ 'ਸੁਧਾਰ ਘਰ' ਰਾਹੀਂ ਉਸ ਨੇ ਸਾਡੇ ਬਿਊਰੋਕਰੇਟਿਕ ਢਾਂਚੇ ਦੇ ਖੋਖਲੇਪਣ, ਪੁਲਿਸ ਦੇ ਦੰਭੀ ਅਤੇ ਵਿਭਚਾਰੀ ਕਿਰਦਾਰ, ਗੰਧਲੀ ਸਿਆਸਤ, ਅਤਿ ਅਮਾਨਵੀ ਹੋ ਚੁੱਕੇ ਜੇਲ੍ਹ ਪ੍ਰਬੰਧ ਅਤੇ ਹਰ ਪੱਧਰ ਤੇ ਭ੍ਰਿਸ਼ਟ ਹੋ ਚੁੱਕੇ ਬੰਦੇ ਦੇ ਹਿਰਸਾਂ-ਗ੍ਰਸਤ ਪੂੰਜੀਵਾਦੀ ਅਵਚੇਤਨ ਨੂੰ ਤਲਾਸ਼ਿਆ ਹੈ।ਪੰਜਾਬੀ ਨਾਵਲ ਨੂੰ ਵਿਧਾਗਤ ਅਤੇ ਵਿਸ਼ਾਗਤ ਪੱਧਰ 'ਤੇ ਅਮੀਰੀ ਬਖਸ਼ਣ ਵਾਲਾ ਇੱਕ ਹੋਰ ਨਾਵਲਕਾਰ ਕੇਵਲ ਕਲੋਟੀ ਹੈ।ਉਸਦਾ ਨਾਵਲ 'ਘਾਟੀ ਪੁਤਲੀਗਰਾਂ ਦੀ' ਵਿਗਿਆਨਕ ਜ਼ੱਦ ਵਿੱਚ ਵਿਚਰਦਾ ਹੋਇਆ ਵੀ ਅੰਤਰਰਾਸ਼ਟਰੀ ਪੱਧਰ ਉੱਪਰ ਪੂੰਜੀਵਾਦੀ ਪ੍ਰਭੂਤਾ ਦੁਆਰਾ ਪਛੜੇ ਦੇਸ਼ਾਂ ਦੇ ਹੁਨਰਮੰਦ ਅਤੇ ਪ੍ਰਬੁੱਧ ਦਿਮਾਗਾਂ ਨੂੰ ਇੱਛਾ ਅਨੁਕੂਲ ਵਸਤੂ ਵਾਂਗ ਵਰਤ ਕੇ ਬਾਅਦ ਵਿੱਚ ਉਹਨਾਂ ਨੂੰ ਰੱਦੀ ਦੇ ਮਾਲ ਵਾਂਗ ਸੁੱਟ ਦਿੱਤੇ ਜਾਣ ਦਾ ਬਿਰਤਾਂਤ ਸਿਰਜਦਾ ਹੈ।ਜਟਿਲ ਬਿਰਤਾਂਤ ਦਾ ਧਾਰਨੀ ਇਹ ਨਾਵਲ ਵਸਤੂ ਚੋਣ, ਗਲਪੀ ਸੰਗਠਨ ਅਤੇ ਰਚਨਾ ਦ੍ਰਿਸ਼ਟੀ ਦੀ ਵਿਲੱਖਣਤਾ ਕਾਰਨ ਇੱਕ ਨਵੀਂ ਪਿਰਤ ਪਾਉਂਦਾ ਹੈ।

ਮਾਨਵੀ ਰਿਸ਼ਤਿਆਂ ਵਿੱਚ ਤਿੜਕਣ, ਨਿੱਜ ਕੇਂਦਰਿਤ ਰੁਚੀਆਂ, ਮਾਨਸਿਕ ਸੰਰਚਨਾ ਵਿੱਚ ਹੋ ਰਹੀ ਟੁੱਟ ਭੱਜ ਨੂੰ ਸਮਕਾਲੀ ਸਥਿੱਤੀਆਂ ਵਿੱਚੋਂ ਪਕੜਨ ਵਾਲੇ ਨਾਵਲਾਂ ਵਿੱਚ 'ਚਾਨਣ ਦਾ ਜੰਗਲ', 'ਬੁੱਕਲ ਦਾ ਰਿਸ਼ਤਾ' (ਇੰਦਰ ਸਿੰਘ ਖਾਮੋਸ਼), 'ਪਰਤਾਪੀ' (ਰਾਮ ਸਰੂਪ ਅਣਖੀ), 'ਊਣੇ ਸੱਖਣੇ' (ਸ. ਸੋਜ਼), 'ਗੁਆਚੇ ਅਰਥ', 'ਤਲਾਸ਼ ਕੋਈ ਸਦੀਵੀ' (ਨਰਿੰਜਨ ਤਸਨੀਮ) ਆਦਿ ਪ੍ਰਮੁੱਖ ਹਨ। ਇਨ੍ਹਾਂ ਨਾਵਲੀ ਬਿਰਤਾਤਾਂ ਵਿਚਲੀ ਔਰਤ ਜਿੱਥੇ ਪਰੰਪਰਾਗਤ ਭਾਰਤੀ ਔਰਤ ਦੀ ਮਿੱਥ ਦਾ ਭੰਜਨ ਕਰਦੀ ਹੈ, ਉੱਥੇ ਉਸਦੀ ਸੁਤੰਤਰ ਜੀਵਨ ਸ਼ੈਲੀ ਹੀ ਉਸ ਲਈ ਮਾਨਸਿਕ ਅਤੇ ਸਾਂਸਕ੍ਰਿਤਕ ਸੰਕਟ ਦਾ ਕਾਰਨ ਬਣੀ ਹੋਈ ਹੈ। ਆਧੁਨਿਕ ਪੂੰਜੀਵਾਦੀ ਅਰਥ ਪ੍ਰਬੰਧ ਵਿੱਚ ਮਰਦ ਸੱਤਾ ਵੱਲੋਂ ਔਰਤ ਨੂੰ ਦੇਹੀ ਜਸ਼ਨ ਅਤੇ ਵੇਸਵਾਗਮਨੀ ਦੇ ਧੰਦੇ ਵਿੱਚ ਫਸਾਏ ਜਾਣ ਦੀਆਂ ਰੁਚੀਆਂ ਨੂੰ ਵੀ ਪੰਜਾਬੀ ਨਾਵਲਕਾਰਾਂ ਨੇ ਬਾਖੂਬੀ ਪਕੜਿਆ ਹੈ। 'ਲਾਲ ਬੱਤੀ' (ਬਲਦੇਵ ਸਿੰਘ) ਕਲੱਕਤਾ ਮਹਾਂਨਗਰ ਦੇ ਮੱਧਵਰਗੀ ਬੰਦੇ ਦੀ ਬਿਮਾਰ ਸੋਚ ਅਤੇ ਹਿਰਸਾਂ-ਗ੍ਰਸਤ ਮਾਨਸਿਕਤਾ ਨੂੰ ਚਿਤਰਦਾ ਹੈ। 'ਗਿਰ ਰਿਹਾ ਗਰਾਫ' (ਨਿੰਦਰ ਗਿੱਲ) ਸਵੀਡਨ ਵਰਗੇ ਅਤਿ ਵਿਕਸਤ ਦੇਸ਼ ਵਿੱਚ ਔਰਤ ਦੀ ਸਥਿੱਤੀ ਨੂੰ ਬਿਆਨ ਕਰਦਾ ਹੈ।ਇਨ੍ਹਾਂ ਖੁੱਲ੍ਹੇ ਸੈਕਸ ਸੰਬੰਧਾਂ ਵਿੱਚੋਂ ਪੈਦਾ ਹੋਣ ਵਾਲੀ ਭਿਆਨਕ ਬਿਮਾਰੀ ਏਡਜ਼ ਨੂੰ ਪਹਿਲੀ ਵਾਰੀ ਨਦੀਮ ਪਰਮਾਰ ਨੇ ਆਪਣੇ ਨਾਵਲ 'ਚਿੱਟੀ ਮੌਤ' ਰਾਹੀਂ ਬਿਆਨ ਕੀਤਾ ਹੈ।

ਆਪਣੀ ਸੱਭਿਆਚਾਰਕ ਅਤੇ ਲੋਕਧਾਰਾਈ ਪਛਾਣ ਦੀ ਪੁਨਰ-ਸੁਰਜੀਤੀ ਲਈ ਕੁੱਝ ਗਲਪਕਾਰ ਆਪਣੀਆਂ ਜੜ੍ਹਾਂ ਦੀ ਤਲਾਸ਼ ਇਤਿਹਾਸਿਕ / ਮਿਥਿਹਾਸਿਕ ਹਵਾਲਿਆਂ ਰਾਹੀਂ ਕਰਦੇ ਹਨ। ਮਨਮੋਹਨ ਬਾਵਾ ਇਨ੍ਹਾਂ ਵਿੱਚੋਂ ਪ੍ਰਮੁੱਖ ਨਾਵਲਕਾਰ ਹੈ।

ਔਰਤ ਦੀ ਹੋਂਦ ਅਤੇ ਹੋਣੀ ਨਾਲ ਜੁੜੇ ਕਈ ਦਾਰਸ਼ਨਿਕ ਸਵਾਲਾਂ ਨਾਲ ਨਜਿੱਠਣ ਲਈ ਦਲੀਪ ਕੌਰ ਟਿਵਾਣਾ ਵਰਗੀ ਲੇਖਿਕਾ ਵੀ ਪਰੰਪਰਾ ਵੱਲ ਮੁੜਦੀ ਹੈ। 'ਕਥਾ ਕਹੋ ਉਰਵਸ਼ੀ' ਵਿੱਚ ਉਹ ਵਰਤਮਾਨ ਸਥਿੱਤੀਆਂ ਨਾਲ ਨਜਿੱਠਣ ਲਈ ਪਰੰਪਰਾ ਦੀ ਠਾਹਰ ਵਿੱਚ ਜਾਂਦੀ ਹੈ। ਸਮਕਾਲੀ ਸੰਕਟ-ਗ੍ਰਸਤ ਜ਼ਿੰਦਗੀ ਵਿੱਚ ਸੱਭਿਆਚਾਰਕ ਉੱਤਮਤਾ ਨੂੰ ਬਰਕਰਾਰ ਰੱਖਣ ਅਤੇ ਆਪਣੇ ਸ਼ਹੀਦਾਂ ਦੇ ਆਦਰਸ਼ਕ ਰੂਪ ਨੂੰ ਕਾਇਮ ਰੱਖਣ ਲਈ ਪੰਜਾਬੀ ਨਾਵਲ ਵਿੱਚ ਜੀਵਨੀ ਮੂਲਕ ਰਚਨਾਵਾਂ ਦਾ ਰੁਝਾਨ ਵਧਿਆ ਹੈ। 'ਪੰਜਵਾਂ ਸਾਹਿਬਜ਼ਾਦਾ', 'ਸਤਲੁਜ ਵਹਿੰਦਾ ਰਿਹਾ' (ਬਲਦੇਵ ਸਿੰਘ), 'ਬੰਦਾ ਸਿੰਘ ਬਹਾਦਰ', 'ਸਮੁੰਦਰ ਗੁਪਤ ਮਹਾਨ' (ਕੁਲਦੀਪ ਭਟਨਾਗਰ) ਆਦਿ ਨਾਵਲਾਂ ਵਿੱਚ ਇਤਿਹਾਸ ਦੇ ਨਾਇਕਾਂ ਦੇ ਮੌਲਿਕ ਜੀਵਨ ਅਨੁਭਵਾਂ ਨੂੰ ਬਿਰਤਾਂਤਕ ਚੌਖਟਿਆਂ ਵਿੱਚ ਢਾਲਿਆ ਗਿਆ ਹੈ।

ਦੇਸ਼ ਵੰਡ ਦਾ ਦੁਖਾਂਤ ਅਤੇ ਪੰਜਾਬ ਸੰਕਟ ਦੀ ਪੀੜ ਵੀ ਪੰਜਾਬੀ ਨਾਵਲਕਾਰ ਦੀਆਂ ਸਿਮਰਤੀਆਂ ਵਿੱਚ ਵਾਰ-ਵਾਰ ਉੱਭਰਦੀ ਹੈ। 'ਉਜਾੜਾ' (ਤ੍ਰੈਲੜੀ-ਸਵਰਨ ਚੰਦਨ), 'ਮਸ਼ੀਨਾਂ ਵਾਲੇ' (ਅਮਰਜੀਤ ਸਿੰਘ) ਅਤੇ 'ਹੋਣੀ ਇੱਕ ਦੇਸ਼ ਦੀ' (ਕੇਵਲ ਕਲੋਟੀ) ਤਿੰਨੇ ਨਾਵਲਾਂ ਦੇ ਕੇਂਦਰ ਵਿੱਚ ਦੇਸ਼ ਦੀ ਵੰਡ ਦੇ ਦੁਖਾਂਤ ਨੂੰ ਭੋਗਣ ਵਾਲਾ ਬੰਦਾ ਹੈ।

ਦਲਿਤ ਚੇਤਨਾ ਨਾਲ ਪਰਨਾਏ ਹੋਏ ਪੰਜਾਬੀ ਨਾਵਲ ਨੇ ਦਲਿਤ / ਦਮਿਤ ਬੰਦੇ ਦੀ ਸਮਾਜਿਕ-ਸੱਭਿਆਚਾਰਕ ਸਥਿੱਤੀ, ਛੂਤ-ਛਾਤ ਦੇ ਮਸਲੇ, ਰੋਟੀ ਬੇਟੀ ਦੀ ਸਾਂਝ ਦੇ ਮਸਲੇ, ਉੱਚੇ ਨੀਵੇਂ ਸਮਝੇ ਜਾਂਦੇ ਕਿੱਤਿਆਂ ਦੇ ਮਸਲੇ ਅਤੇ ਮਨੁੱਖੀ ਹੱਕਾਂ ਦੇ ਮਸਲਿਆਂ ਨੂੰ ਆਪਣਾ ਵਿਸ਼ਾ ਬਣਾਇਆ ਹੈ।'ਨਿੱਕੇ-ਨਿੱਕੇ ਅਸਮਾਨ' (ਨਛੱਤਰ), 'ਦਾਸਤਾਂ ਦਲਿਤਾਂ ਦੀ' (ਨਿੰਦਰ ਗਿੱਲ), 'ਮਸ਼ਾਲਚੀ' (ਗੁਰਚਰਨ ਸਿੰਘ ਰਾਓ) ਆਦਿ ਨਾਵਲਾਂ ਵਿੱਚ ਜਟਿਲ ਜਾਤੀਗਤ ਮਸਲਿਆਂ ਨਾਲ ਜੁੜੀ ਮਾਨਸਿਕਤਾ ਨੂੰ ਆਰਥਿਕ, ਸਮਾਜਿਕ ਤੇ ਸੱਭਿਆਚਾਰਕ ਪਰਿਪੇਖ ਤੋਂ ਚਿਤਰਿਆ ਗਿਆ ਹੈ। ਦੇਸ ਰਾਜ ਕਾਲੀ ਆਪਣੇ ਨਾਵਲ 'ਪਰਣੇਸ਼ਵਰੀ' ਰਾਹੀਂ ਇਨ੍ਹਾਂ ਲੋਕਾਂ ਦੀ ਟੋਟੇ-ਟੋਟੇ ਹੋਈ ਜ਼ਿੰਦਗੀ ਨੂੰ ਗਲਪ ਵਿੱਚ ਢਾਲਦਾ ਹੈ, ਪਰ ਜਿਸ ਸ਼ਿੱਦਤ ਨਾਲ ਪੰਜਾਬੀ ਕਹਾਣੀ ਵਿੱਚ ਦਲਿਤ ਚੇਤਨਾ ਦੀ ਗੱਲ ਤੁਰੀ ਹੈ, ਓਨੀ ਨਾਵਲੀ ਪ੍ਰਵਚਨ ਵਿੱਚ ਨਹੀਂ ਤੁਰ ਸਕੀ।

ਸਮਕਾਲੀ ਕਹਾਣੀ ਦੇ ਮੁਕਾਬਲੇ ਨਾਰੀ ਚੇਤਨਾ ਨਾਲ ਪਰਨਾਇਆ ਹੋਇਆ ਸਮਕਾਲੀ ਨਾਵਲ ਵੀ ਉਹ ਬੁਲੰਦੀਆਂ ਨਹੀਂ ਛੂਹ ਸਕਿਆ। ਅੰਮ੍ਰਿਤਾ ਪ੍ਰੀਤਮ, ਅਜੀਤ ਕੌਰ ਅਤੇ ਦਲੀਪ ਕੌਰ ਟਿਵਾਣਾ ਤੋਂ ਪਿੱਛੋਂ ਦੀਆਂ ਨਾਰੀ ਨਾਵਲਕਾਰਾਂ ਦੀ ਰਚਨਾ ਵਿੱਚ ਉਹ ਜਲੌਅ ਅਤੇ ਸ਼ਿੱਦਤ ਨਹੀਂ ਦੇਖੀ ਜਾ ਸਕਦੀ। 'ਠਰੀ ਰਾਤ' ਅਤੇ 'ਪੈਰਾਂ ਹੇਠਲੀ ਧਰਤੀ' (ਬਲਜੀਤ ਕੌਰ ਬੱਲੀ), 'ਗਿਰਵੀ ਹੋਏ ਮਨ' (ਨਕਸ਼ਦੀਪ ਪੰਜਕੋਹਾ), 'ਕੀ ਇਹ ਔਰਤ ਹੈ?', 'ਧਰਤ ਪਰਾਈ ਆਪਣੇ ਲੋਕ' (ਸੁਸ਼ੀਲ ਕੌਰ), 'ਕਟਿਹਰੇ ਵਿੱਚ ਖੜੀ ਔਰਤ' (ਕੈਲਾਸ਼ਪੁਰੀ), 'ਤੀਨ ਲੋਕ ਸੇ ਨਿਆਰੀ' (ਦਲੀਪ ਕੌਰ ਟਿਵਾਣਾ) ਆਦਿ ਨਾਵਲਾਂ ਵਿੱਚ ਪੰਜਾਬੀ ਔਰਤ ਦੀ ਸਥਿੱਤੀ, ਵੇਦਨਾ ਅਤੇ ਮਾਨਸਿਕ ਸੰਤਾਪਾਂ ਨੂੰ ਧੀਮੀ ਸੁਰ ਵਿੱਚ ਬਿਆਨਿਆ ਗਿਆ ਹੈ।ਸੱਭਿਆਚਾਰਕ ਵਿਲੀਨੀਕਰਨ, ਪਰਿਵਾਰਿਕ ਰਿਸ਼ਤਿਆਂ ਵਿੱਚ ਵਿਆਪੀ ਤਿੜਕਣ, ਸੁਪਨਿਆਂ ਦੇ ਮਰਨ ਅਤੇ ਮੰਡੀ ਕਲਚਰ ਦੀ ਚਕਾਚੌਂਧ ਵਿੱਚ ਗਵਾਚ ਜਾਣ ਵਰਗੇ ਕਈ ਮੁੱਦੇ ਪਰਵਾਸੀ ਨਾਵਲਕਾਰਾਂ ਨੇ ਛੋਹੇ ਹਨ। ਇਹਨਾਂ ਵਿੱਚੋਂ 'ਕੰਜਕਾਂ' (ਸਵਰਨ ਚੰਦਨ), 'ਮੌਤ ਇੱਕ ਪਾਸਪੋਰਟ ਦੀ' (ਇਕਬਾਲ ਰਾਮੂਵਾਲੀਆ), 'ਰੇਤ', 'ਸਵਾਰੀ' (ਹਰਜੀਤ ਅਟਵਾਲ), 'ਭਗੌੜਾ' (ਜਰਨੈਲ ਸਿੰਘ ਸੇਖਾ), 'ਜੁਗਤੂ' (ਸਾਧੂ ਬਨਿੰਗ), 'ਪੈੜਾਂ ਦੇ ਆਰ ਪਾਰ' (ਦਰਸ਼ਨ

ਧੀਰ), 'ਗਿਰਵੀ ਹੋਏ ਮਨ' (ਨਕਸ਼ਦੀਪ ਪੰਜਕੋਹਾ) ਅਤੇ 'ਸਰਘੀ' (ਸੰਤੋਖ ਧਾਲੀਵਾਲ) ਆਦਿ ਨਾਵਲਾਂ ਵਿੱਚ ਮਾਤ ਭੂਮੀ ਛੱਡ ਗਏ ਬੰਦੇ ਦਾ ਬਹੁ-ਪਰਤੀ ਅਤੇ ਬਹੁ-ਆਯਾਮੀ ਚਰਿੱਤਰ ਪੇਸ਼ ਹੋਇਆ ਹੈ।

ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਨਾਵਲ ਦੀ ਮੁੱਖ ਸੁਰ ਪ੍ਰਗਤੀਵਾਦੀ ਹੀ ਰਹੀ ਹੈ। ਸਮਕਾਲੀ ਨਾਵਲ ਵਿੱਚ ਵਿਸ਼ਵੀਕਰਨ ਦੇ ਨਾਂਹ ਮੁਖੀ ਪ੍ਰਭਾਵਾਂ ਨੂੰ ਵਧੇਰੇ ਚਿਤਰਿਆ ਗਿਆ ਹੈ।ਥੁੜਿਆ ਟੁੱਟਿਆ ਬੰਦਾ ਇਸ ਦੇ ਕੇਂਦਰ ਵਿੱਚ ਹੈ।ਚੇਤਨਾ ਪ੍ਰਵਾਹ, ਪਿਛਲ ਝਾਤ, ਮਨੋਬਚਨੀ, ਸਵੈ ਪੜਚੋਲ ਵਰਗੀਆਂ ਜੁਗਤਾਂ ਨਾਲ ਇਹ ਆਪਣਾ ਬਿਰਤਾਂਤਕ ਚੌਖਟਾ ਉਲੀਕਦਾ ਰਿਹਾ ਹੈ। ਹਰੇ ਇਨਕਲਾਬ ਦੀ ਖੜੋਤ ਕਾਰਨ ਪੈਦਾ ਹੋਈ ਕਿਸਾਨੀ ਦੀ ਮੰਦਹਾਲੀ, ਉਦਾਰੀਕਰਨ, ਨਿੱਜੀਕਰਨ ਵਰਗੀਆਂ ਨੀਤੀਆਂ ਕਾਰਨ ਸਧਾਰਨ ਬੰਦੇ ਦੀ ਤ੍ਰਾਸਦੀ ਅਤੇ ਪੂੰਜੀਵਾਦੀ ਪ੍ਰਬੰਧ ਦੇ ਅਮਾਨਵੀ ਵਿਹਾਰ ਨੂੰ ਇਸ ਵਿੱਚ ਪ੍ਰਮੁੱਖਤਾ ਮਿਲੀ ਹੈ। ਹਾਸ਼ੀਆਗਤ ਸਥਿੱਤੀਆਂ ਵਿੱਚ ਜੀ ਰਹੇ ਕਿਸਾਨਾਂ, ਦਲਿਤਾਂ, ਔਰਤਾਂ ਅਤੇ ਪਰਵਾਸੀ ਵਿਅਕਤੀ ਦੇ ਵਿਭਿੰਨ ਝੋਰਿਆਂ, ਸੰਕਟਾਂ ਅਤੇ ਦਵੰਦਾਂ ਦੀਆਂ ਬਾਰੀਕੀਆਂ ਨੂੰ ਸਮਝਣ ਵੱਲ ਸਮਕਾਲੀ ਨਾਵਲ ਖਾਸ ਤੌਰ ਤੇ ਰੁਚਿਤ ਹੈ।

ਪੰਜਾਬ ਵਿੱਚ ਨਾਟਕੀ ਸਾਹਿਤ ਦੀ ਸਿਰਜਣਾ ਅਤੇ ਰੰਗ ਮੰਚੀ ਗਤੀਵਿਧੀਆਂ ਸੰਬੰਧੀ ਕਈ ਤਰ੍ਹਾਂ ਦੀਆਂ ਧਾਰਨਾਵਾਂ ਪ੍ਰਚੱਲਿਤ ਹਨ। ਇੱਕ ਧਾਰਨਾ ਇਹ ਹੈ ਕਿ ਟੀ.ਵੀ. ਅਤੇ ਸਿਨੇਮੇ ਦੇ ਵੱਧ ਰਹੇ ਪ੍ਰਭਾਵ ਨੇ ਪੰਜਾਬ ਦੀਆਂ ਬਾਕੀ ਪ੍ਰਦਰਸ਼ਨੀ ਕਲਾਵਾਂ ਨੂੰ ਕਾਫੀ ਵੱਡੀ ਢਾਹ ਲਾਈ ਹੈ, ਜਿਸ ਕਾਰਨ ਇਹਨਾਂ ਨਾਲ ਜੁੜਿਆ ਹੋਇਆ ਸਾਹਿਤ ਵੀ ਮੁਕਾਬਲਤਨ ਘੱਟ ਰਚਿਆ ਜਾਣ ਲੱਗਾ ਹੈ। ਦੂਜੀ ਧਾਰਨਾ ਪੰਜਾਬੀ ਨਾਟਕ ਅਤੇ ਰੰਗ ਮੰਚ ਦੇ ਵਿਦਵਾਨ ਡਾ. ਸਤੀਸ਼ ਕੁਮਾਰ ਵਰਮਾ ਦੀ ਹੈ। ਉਹਨਾਂ ਦਾ ਮੰਨਣਾ ਹੈ ਕਿ ਪੰਜਾਬ ਦੇ ਇਤਿਹਾਸ ਵਿੱਚ ਬਹੁਤ ਵੱਡੀ 'ਟੱਕਰ ਤੇ ਤਣਾਅ' ਮੌਜੂਦ ਹਨ ਜੋ ਕਿਸੇ ਵੀ ਪ੍ਰਦਰਸ਼ਨੀ ਕਲਾ ਲਈ ਮਦਦਗਾਰ ਹੋ ਸਕਦੇ ਹਨ, ਲੇਕਿਨ ਸਾਡੇ ਨਾਟਕ, ਫਿਲਮ ਵਿੱਚ ਇਹ ਪੂਰੀ ਤਰ੍ਹਾਂ ਰੂਪਾਂਤਰਿਤ ਨਹੀਂ ਹੁੰਦੇ......... ਪੰਜਾਬ ਦਾ ਵੱਡਾ ਇਤਿਹਾਸ ਪਿਛਲੇ 500 ਸਾਲ ਦਾ ਸਿੱਖ ਇਤਿਹਾਸ ਹੈ, ਜਿਸ ਤੇ ਗੌਰਵ ਕੀਤਾ ਜਾ ਸਕਦਾ ਹੈ ਅਤੇ ਇਤਿਹਾਸ ਵਿੱਚੋਂ ਜੀਵਨ ਦੀਆਂ ਵੱਡੀਆਂ ਕਦਰਾਂ ਕੀਮਤਾਂ ਦੇ ਨਕਸ਼ ਪਛਾਣੇ ਜਾ ਸਕਦੇ ਹਨ। ਲੇਕਿਨ ਪ੍ਰਚਲਿਤ ਰਵਾਇਤ ਅਨੁਸਾਰ ਇਹ ਇਤਿਹਾਸ ਦੇ ਨਾਇਕਾਂ ਦੇ ਮੰਚ ਸਰੂਪ ਪੇਸ਼ ਕਰਨ ਦੀ ਮਨਾਹੀ ਹੈ। (ਡਾ. ਸਤੀਸ਼ ਕੁਮਾਰ ਵਰਮਾ, ਸਮਕਾਲੀ ਪੰਜਾਬੀ ਸਮਾਜ ਅਤੇ ਪ੍ਰਦਰਸ਼ਨੀ ਕਲਾਵਾਂ, ਸਮਕਾਲੀ ਪੰਜਾਬੀ ਸਮਾਜ, ਸੰਪਾ: ਡਾ. ਧਨਵੰਤ ਕੌਰ, ਪੰਨਾ-165-166) ਇਹ ਵੀ ਸੱਚ ਹੈ ਕਿ ਪੰਜਾਬ ਵਿੱਚ ਪੇਸ਼ਾਵਰ ਰੰਗ-ਮੰਚ ਦੀ ਅਣਹੋਂਦ ਨੇ ਵੀ ਨਾਟਕੀ ਸਾਹਿਤ ਦੀ ਸਿਰਜਣਾ ਨੂੰ ਢਾਹ ਲਾਈ ਹੈ। ਪਰ ਸਥਿੱਤੀ ਇੰਨੀ ਬਦਤਰ ਨਹੀਂ ਹੈ, ਜਿੰਨੀ ਆਮ ਤੌਰ ਤੇ ਬਿਆਨੀ ਜਾਂਦੀ ਹੈ। ਪੰਜਾਬ ਦੇ ਸ਼ੌਂਕੀਆ ਅਤੇ ਪ੍ਰਤੀਬੱਧ ਰੰਗ-ਮੰਚ ਨੇ ਨਾ ਤਾਂ ਨਾਟਕੀ ਸਾਹਿਤ ਨੂੰ ਮਰਨ ਦਿੱਤਾ ਹੈ ਅਤੇ ਨਾ ਹੀ ਰੰਗ-ਮੰਚ ਗਤੀਵਿਧੀ ਨੂੰ। ਸਮਕਾਲੀ ਪੰਜਾਬੀ ਨਾਟਕ ਦਾ ਬਾਬਾ ਬੋਹੜ ਗੁਰਸ਼ਰਨ ਸਿੰਘ ਪੰਜਾਬ ਵਿੱਚ ਨਾਟਕੀ ਅਤੇ ਰੰਗਮੰਚੀ ਗਤੀਵਿਧੀ ਦਾ ਪ੍ਰਮੁੱਖ ਅਗਰਦੂਤ ਹੈ। 30 ਦੇ ਲਗਭਗ ਨਾਟ ਮੰਡਲੀਆਂ ਇਸ ਵੇਲੇ ਪੰਜਾਬ ਵਿੱਚ ਸਰਗਰਮ ਹਨ। ਇਹ ਠੀਕ ਹੈ ਕਿ ਰੰਗਮੰਚੀ ਸਕ੍ਰਿਅਤਾ ਦੇ ਮੁਕਾਬਲੇ ਪੰਜਾਬ ਵਿੱਚ ਨਾਟਕੀ ਸਾਹਿਤ ਦੀ ਸਿਰਜਣਾ ਉਸ ਅਨੁਪਾਤ ਵਿੱਚ ਨਹੀਂ ਹੋ ਰਹੀ, ਪਰ ਫਿਰ ਵੀ ਗੁਰਸ਼ਰਨ ਸਿੰਘ, ਅਜਮੇਰ ਔਲਖ, ਆਤਮਜੀਤ, ਸਵਰਾਜਬੀਰ, ਚਰਨ ਦਾਸ ਸਿੱਧੂ, ਕੇਵਲ ਧਾਲੀਵਾਲ, ਪਾਲੀ ਭੁਪਿੰਦਰ, ਬਲਦੇਵ ਸਿੰਘ, ਦਵਿੰਦਰ ਦਮਨ, ਟੋਨੀ ਬਾਤਿਸ਼, ਡਾ. ਸਾਹਿਬ ਸਿੰਘ,

ਹੰਸਾ ਸਿੰਘ ਬਿਆਸ, ਡਾ. ਸਤੀਸ਼ ਕੁਮਾਰ ਵਰਮਾ, ਹਰਕੇਸ਼ ਚੌਧਰੀ, ਸੁਰਿੰਦਰ ਸ਼ਰਮਾ, ਤਰਲੋਚਨ, ਸੋਮਪਾਲ ਹੀਰਾ ਅਤੇ ਸੈਮੂਅਲ ਜੌਨ ਸਮੇਤ ਅਨੇਕ ਨਾਟਕਕਾਰ ਅਤੇ ਨਾਟ ਨਿਰਦੇਸ਼ਕ ਪੰਜਾਬੀ ਰੰਗਮੰਚ ਦੀਆਂ ਲੋੜਾਂ ਪੂਰਨ ਹਿੱਤ ਨਾਟਕੀ ਸਾਹਿਤ ਵੀ ਰਚ ਰਹੇ ਹਨ ਅਤੇ ਵੱਡੀ ਗਿਣਤੀ ਵਿੱਚ ਸਾਹਿਤਕ ਕਿਰਤਾਂ ਦਾ ਨਾਟਕੀ ਰੂਪਾਂਤਰਣ ਵੀ ਕਰ ਰਹੇ ਹਨ। ਸੱਚਾਈ ਤਾਂ ਇਹ ਹੈ ਕਿ ਪੰਜਾਬੀ ਵਿੱਚ ਮੌਲਿਕ ਨਾਟਕੀ ਕਿਰਤਾਂ ਦੇ ਮੁਕਾਬਲੇ ਅਧਾਰਿਤ ਨਾਟਕ ਅਤੇ ਨਾਟਕੀ ਰੂਪਾਂਤਰਣ ਵਧੇਰੇ ਵੱਡੀ ਗਿਣਤੀ ਵਿੱਚ ਰਚਿਆ ਜਾ ਰਿਹਾ ਹੈ, ਪਰ ਅਜਿਹੀ ਸਥਿਤੀ ਦੇ ਬਾਵਜੂਦ ਵੀ ਪੰਜਾਬੀ ਨਾਟਕ ਦੀ ਸਮਾਜਿਕ ਪ੍ਰਤੀਬੱਧਤਾ ਤੇ ਕੋਈ ਕਿੰਤੂ ਨਹੀਂ ਕੀਤਾ ਜਾ ਸਕਦਾ।

ਇਸ ਸਮੇਂ ਪੰਜਾਬ ਵਿਚਲਾ ਕਿਸਾਨੀ ਦਾ ਸੰਕਟ ਪੰਜਾਬੀ ਨਾਟਕ ਦਾ ਮਹੱਤਵਪੂਰਨ ਮੁੱਦਾ ਹੈ। ਅਜਮੇਰ ਔਲਖ ਰਚਿਤ 'ਹਨੇਰ ਕੋਠੜੀ', 'ਇੱਕ ਸੀ ਦਰਿਆ', 'ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀ' ਅਤੇ ਵਰਿਆਮ ਸੰਧੂ ਦੀ ਕਹਾਣੀ ਤੇ ਅਧਾਰਿਤ 'ਆਪਣਾ ਆਪਣਾ ਹਿੱਸਾ', ਸਵਰਾਜ ਬੀਰ ਰਚਿਤ 'ਕੱਲ੍ਹਰ', ਡਾ. ਸਾਹਿਬ ਸਿੰਘ ਰਚਿਤ 'ਇੱਕੋ ਰਾਹ ਸਵੱਲੜਾ', ਦਵਿੰਦਰ ਰਚਿਤ 'ਦਲਦਲ', ਕੁਲਦੀਪ ਸਿੰਘ ਦੀਪ ਦੁਆਰਾ ਰਚਿਤ 'ਬਿਨਸੇ ਉਪਜੇ ਤੇਰਾ ਭਾਣਾ' (ਗੁਰਦਿਆਲ ਸਿੰਘ ਦੇ ਨਾਵਲ 'ਪਰਸਾ' ਤੇ ਅਧਾਰਿਤ) ਅਤੇ ਨਵਨਿੰਦਰਾ ਬਹਿਲ, ਹਰਕੇਸ਼ ਚੌਧਰੀ ਅਤੇ ਸੁਰਿੰਦਰ ਸ਼ਰਮਾ ਦਾ 'ਸਾਡਾ ਜੱਗੋਂ ਸੀਰ ਮੁੱਕਿਆ' (ਬਲਦੇਵ ਧਾਲੀਵਾਲ ਦੀ ਕਹਾਣੀ 'ਕਾਰਗਿਲ' ਤੇ ਅਧਾਰਿਤ) ਕੁੱਝ ਅਜਿਹੇ ਪ੍ਰਤੀਨਿੱਧ ਨਾਟਕ ਹਨ, ਜਿਨ੍ਹਾਂ ਨੇ ਪੰਜਾਬ ਦੀ ਕਿਸਾਨੀ ਦੀਆਂ ਸਮਾਜਕ, ਆਰਥਕ, ਰਾਜਨੀਤਕ ਅਤੇ ਸੱਭਿਆਚਾਰਕ ਪਰਤਾਂ ਨੂੰ ਫਰੋਲਿਆ ਹੈ।

ਪੰਜਾਬੀ ਨਾਟਕ ਵਿੱਚ ਦੂਜਾ ਮਹੱਤਵਪੂਰਨ ਮੁੱਦਾ ਸਮਾਜਿਕ ਚੇਤਨਾ ਦਾ ਪਸਾਰ ਹੈ, ਜਿਸ ਦਾ ਇੱਕ ਸਿਰਾ ਤਰਕਸ਼ੀਲ ਲਹਿਰ ਨਾਲ ਜੁੜਿਆ ਹੋਇਆ ਹੈ ਅਤੇ ਦੂਜਾ ਸਿਰਾ ਨਾਰੀ ਦਮਨ, ਭਰੂਣ ਹੱਤਿਆ ਅਤੇ ਨਸ਼ਾਖੋਰੀ ਜਿਹੀਆਂ ਜਹਿਮਤਾਂ ਦੀ ਬਾਤ ਪਾਉਂਦਾ ਹੈ। ਤਰਕਸ਼ੀਲ਼ ਅਤੇ ਵਿਗਿਆਨਿਕ ਸੋਚ ਦਾ ਪਸਾਰ ਕਰਨ ਵਾਲੇ ਨਾਟਕਾਂ ਵਿੱਚੋਂ ਅਜਮੇਰ ਔਲ਼ਖ ਰਚਿਤ 'ਬੇਬੇ ਨੀ ਇੱਕ ਡਾਕਟਰ ਆਇਆ' ਅਤੇ 'ਸੁੰਨੀ ਕੁੱਖ', ਤਰਲੋਚਨ ਸਿੰਘ ਰਚਿਤ 'ਸਾੜ ਸਤੀ', ਦਰਸ਼ਨ ਮਿਤਵਾ ਰਚਿਤ 'ਪ੍ਰੇਤ' ਅਤੇ ਗੁਰਸ਼ਰਨ ਸਿੰਘ ਰਚਿਤ...... 'ਤੇ ਦੇਵ ਪੁਰਸ਼ ਹਾਰ ਗਏ' ਅਤੇ ਤਰਲੋਚਨ ਸਿੰਘ ਦੁਆਰਾ ਸੁਖਜੀਤ ਦੀਆਂ ਕਹਾਣੀਆਂ ਤੇ ਅਧਾਰਿਤ 'ਪਾਤਸ਼ਾਹ' ਅਤੇ 'ਆਦਮ ਖੋਰ' ਆਦਿ ਪ੍ਰਮੁੱਖ ਹਨ। ਨਸ਼ਿਆਂ ਦੇ ਮਾਰੂ ਪ੍ਰਭਾਵਾਂ ਬਾਰੇ ਕੁਲਵਿੰਦਰ ਖਹਿਰਾ ਰਚਿਤ 'ਅੰਨ੍ਹੀਆਂ ਗਲੀਆਂ' ਪ੍ਰਵਾਸੀ ਪੰਜਾਬੀਆਂ ਵੱਲੋਂ ਬੇਹੱਦ ਸਲਾਹਿਆ ਗਿਆ ਨਾਟਕ ਹੈ। ਪੰਜਾਬ ਵਿੱਚ ਨਸ਼ੇ ਦੇ ਵੱਧ ਰਹੇ ਖਤਰਨਾਕ ਰੁਝਾਨ ਬਾਰੇ ਹੀ ਬਲਦੇਵ ਸਿੰਘ ਦੀ ਕਹਾਣੀ ਤੇ ਅਧਾਰਿਤ 'ਮਿੱਟੀ ਰੁਦਨ ਕਰੇ' ਨੂੰ ਇੱਕ ਸਸ਼ਕਤ ਨਾਟਕ ਕਿਹਾ ਜਾ ਸਕਦਾ ਹੈ। ਨਾਰੀ ਦਮਨ ਅਤੇ ਨਾਰੀ ਚੇਤਨਾ ਦੇ ਨਾਟਕ ਵਜੋਂ ਆਤਮਜੀਤ ਰਚਿਤ 'ਮੈਂ ਤਾਂ ਇੱਕ ਸਾਰੰਗੀ ਹਾਂ' ਅਤੇ 'ਚਿੜੀਆਂ', ਅਜਮੇਰ ਔਲਖ ਰਚਿਤ 'ਨਿਉਂ ਜੜ੍ਹ', ਸਵਰਾਜਬੀਰ ਰਚਿਤ 'ਸ਼ਾਇਰੀ' ਅਤੇ ਸੁਖਦੇਵ ਪ੍ਰੀਤ ਰਚਿਤ 'ਸੱਤੇ ਕੁਆਰੀਆਂ' ਜ਼ਿਕਰਯੋਗ ਨਾਂ ਹਨ। ਭਾਵੇਂ ਦਲਿਤ ਚੇਤਨਾ ਨਾਲ ਸੰਬੰਧਿਤ ਮੌਲਿਕ ਨਾਟਕਾਂ ਦੀ ਕੋਈ ਬਹੁਤੀ ਸਿਰਜਣਾ ਇਸ ਸਮੇਂ ਨਹੀਂ ਹੋ ਰਹੀ, ਪਰ ਬਹੁਤ ਅੱਛੇ ਨਾਟਕੀ ਰੂਪਾਂਤਰਨ ਜ਼ਰੂਰ ਸਾਹਮਣੇ ਆ ਰਹੇ ਹਨ। ਓਮ ਪ੍ਰਕਾਸ਼ ਬਾਲਮੀਕੀ ਦੀ ਸਵੈ-ਜੀਵਨੀ ਅਤੇ ਅਧਾਰਿਤ ਸੈਮੂਅਲ ਜੌਨ ਦਾ 'ਜੂਠ'। ਕਹਾਣੀ 'ਘਸਿਆ ਹੋਇਆ ਆਦਮੀ' ਤੇ ਅਧਾਰਿਤ ਸੈਮੂਅਲ ਜੌਨ ਦਾ 'ਘਸਿਆ ਹੋਇਆ ਆਦਮੀ', ਲਾਲ

ਸਿੰਘ ਦਿਲ ਦੀ ਸਵੈ-ਜੀਵਨੀ ਤੇ ਅਧਾਰਿਤ ਸੋਮਪਾਲ ਹੀਰਾ ਦਾ 'ਦਾਸਤਾਨ-ਏ-ਲਾਲ ਸਿੰਘ ਦਿਲ', ਸਰਵਮੀਤ ਦੀ ਕਹਾਣੀ 'ਕਲ੍ਹਾਣ', ਗੁਰਸ਼ਰਨ ਸਿੰਘ ਦਾ 'ਨਵਾਂ ਜਨਮ' ਅਤੇ ਗੁਰਮੀਤ ਕੜਿਆਲਵੀ ਦੀਆਂ ਕਹਾਣੀਆਂ ਤੇ ਅਧਾਰਿਤ ਸੁਖਵਿੰਦਰ ਸਿੰਘ ਪਾਤੜਾਂ ਦਾ 'ਨਮੋਲੀਆਂ' ਕੁੱਝ ਸਫਲ ਨਾਟਕੀ ਰੂਪਾਂਤਰਨ ਹਨ। ਦਲਿਤ ਚੇਤਨਾ ਨਾਲ ਸੰਬੰਧਿਤ ਮੌਲਿਕ ਨਾਟਕਾਂ ਵਿੱਚੋਂ ਹਰਮੇਸ਼ ਮਾਲੜੀ ਰਚਿਤ 'ਜੰਗ ਮੇਰੇ ਪਿੰਡ ਤੋਂ ਸ਼ੁਰੂ ਹੋਵੇਗੀ' ਸਭ ਤੋਂ ਵੱਧ ਚਰਚਿਤ ਅਤੇ ਜ਼ਿਕਰਯੋਗ ਨਾਂ ਹੈ।

ਸਮਕਾਲੀ ਪੰਜਾਬੀ ਨਾਟਕ ਵਿੱਚ ਇੱਕ ਵੱਡੀ ਗਿਣਤੀ ਉਹਨਾਂ ਨਾਟਕਾਂ ਦੀ ਹੈ, ਜਿਨ੍ਹਾਂ ਨੂੰ ਸਮਕਾਲ ਨੂੰ ਸੰਬੋਧਿਤ ਇਤਿਹਾਸਕ ਅਤੇ ਰਾਜਨੀਤਕ ਨਾਟਕਾਂ ਦੀ ਸ਼੍ਰੇਣੀ ਵਿੱਚ ਰੱਖਿਆ ਜਾ ਸਕਦਾ ਹੈ। ਅਜਿਹੇ ਨਾਟਕਾਂ ਦਾ ਵਿਸ਼ਾ ਵਸਤੂ ਤਾਂ ਭਾਵੇਂ ਇਤਿਹਾਸ ਵਿੱਚੋਂ ਲਿਆ ਗਿਆ ਹੁੰਦਾ ਹੈ, ਪਰ ਇਨ੍ਹਾਂ ਰਾਹੀਂ ਇਤਿਹਾਸ ਦੇ ਕੁੱਝ ਉਜਵਲ ਤੇ ਹਨੇਰੇ ਪੱਖਾਂ ਨੂੰ ਇਸ ਤਰ੍ਹਾਂ ਉਭਾਰਿਆ ਗਿਆ ਹੁੰਦਾ ਹੈ ਤਾਂ ਜੋ ਅਸੀਂ ਆਪਣੇ ਸਮਕਾਲ ਨੂੰ ਸਮਝਣ ਲਈ ਇਤਿਹਾਸ ਤੋਂ ਕੋਈ ਦਿਸ਼ਾ ਨਿਰਦੇਸ਼ ਲੈ ਸਕੀਏ। ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਆਤਮਜੀਤ ਰਚਿਤ 'ਤੱਤੀ ਤਵੀ ਦਾ ਸੱਚ', ਗੁਰਸ਼ਰਨ ਸਿੰਘ ਰਚਿਤ 'ਧਮਕ ਨਗਾਰੇ ਦੀ', 'ਚਾਂਦਨੀ ਚੌਂਕ ਤੋਂ ਸਰਹੰਦ ਤੱਕ', ਅਜਮੇਰ ਔਲ਼ਖ ਰਚਿਤ 'ਅਵੇਸਲੇ ਯੁੱਧਾਂ ਦੀ ਨਾਇਕਾ' ਅਤੇ 'ਲੋਹੇ ਦਾ ਪੁੱਤ', ਕੇਵਲ ਧਾਲੀਵਾਲ ਦਾ 'ਇਤਿਹਾਸ ਦੇ ਸਫੇ ਤੇ', ਪਾਲੀ ਭੁਪਿੰਦਰ ਦਾ ਸ਼ਹੀਦ ਭਗਤ ਸਿੰਘ ਦੇ ਜੀਵਨ ਨਾਲ ਸੰਬੰਧਿਤ 'ਮੈਂ ਫਿਰ ਆਵਾਂਗਾ', ਹਰਕੇਸ਼ ਚੌਧਰੀ ਰਚਿਤ 'ਗਾਥਾ ਕਾਲੇਪਾਣੀਆਂ ਦੀ', ਸੁਰਿੰਦਰ ਸ਼ਰਮਾ ਦਾ ਬੱਬਰ ਅਕਾਲੀਆਂ ਬਾਰੇ ਰਚਿਤ 'ਕਬਹੂੰ ਨਾ ਛਾਡੇ ਖੇਤ' ਅਤੇ ਸ਼ਹੀਦ ਭਗਤ ਸਿੰਘ ਬਾਰੇ ਪੰਜਾਬ ਵਿੱਚ ਸਭ ਤੋਂ ਵੱਧ ਖੇਡਿਆ ਜਾਣ ਵਾਲਾ ਦਵਿੰਦਰ ਦਮਨ ਰਚਿਤ 'ਛਿਪਣ ਤੋਂ ਪਹਿਲਾਂ' ਇਸ ਕੜੀ ਦੇ ਪ੍ਰਮੁੱਖ ਨਾਟਕ ਹਨ। ਪੰਜਾਬ ਵਿੱਚ ਪਿਛਲੇ ਦੋ ਦਹਾਕਿਆਂ ਵਿੱਚ ਕੁੱਝ ਅਜਿਹੇ ਨਾਟਕੀ ਰੂਪਾਂਤਰਨ ਵੀ ਸਾਹਮਣੇ ਆਏ ਹਨ, ਜਿਸ ਨੂੰ ਵਿਵਸਥਾ ਤੇ ਵਿਅੰਗ ਦੀ ਸ਼੍ਰੇਣੀ ਵਿੱਚ ਰੱਖਿਆ ਜਾ ਸਕਦਾ ਹੈ। ਇਨ੍ਹਾਂ ਵਿੱਚੋਂ ਸਭ ਤੋਂ ਵੱਧ ਮਕਬੂਲ ਕ੍ਰਿਸ਼ਨ ਚੰਦਰ ਦੀ ਕਹਾਣੀ 'ਗੜ੍ਹਾ' ਤੇ ਅਧਾਰਿਤ ਜਤਿੰਦਰ ਬਰਾੜ ਰਚਿਤ ਨਾਟਕ 'ਟੋਆ' ਹੈ। ਵਰਿਆਮ ਸੰਧੂ ਦੀ ਕਹਾਣੀ 'ਭੱਜੀਆਂ ਬਾਹੀਂ' ਤੇ ਅਧਾਰਿਤ ਅਜਮੇਰ ਔਲਖ ਦਾ 'ਭੱਜੀਆਂ ਬਾਹੀਂ', ਸੁਖਪਾਲ ਸੰਘੇੜਾ ਦੀ ਪੁਸਤਕ 'ਦਹਿਸ਼ਤ ਪਸੰਦ ਦੀ ਡਾਇਰੀ' ਤੇ ਅਧਾਰਿਤ ਹਰਕੇਸ਼ ਚੌਧਰੀ ਰਚਿਤ 'ਉਹਨਾਂ ਦਿਨਾਂ ਦੀ ਯਾਦ' ਅਤੇ ਮਿੱਤਰ ਸੈਨ ਮੀਤ ਦੇ ਨਾਵਲ 'ਕਟਿਹਰਾ' ਤੇ ਅਧਾਰਿਤ ਗੁਰਸ਼ਰਨ ਸਿੰਘ ਰਚਿਤ 'ਕਾਂਤਾ' ਪ੍ਰਮੁੱਖ ਹਨ।

ਇਸ ਤਰ੍ਹਾਂ ਪਾਪੂਲਰ ਕਲਚਰ ਅਤੇ ਇਲੈਕਟ੍ਰੋਨਿਕ ਮੀਡਿਆ ਦੇ ਇਸ ਦੌਰ ਵਿੱਚ ਜਦੋਂ ਸਮੁੱਚੇ ਦੇਸ਼ ਵਿੱਚ ਨਾਟਕੀ ਸਰਗਰਮੀ ਮੱਠੀ ਪਈ ਹੈ ਤਾਂ ਪੰਜਾਬੀ ਨਾਟਕ ਹਾਰ ਮੰਨਣ ਦੀ ਬਜਾਇ ਕੁੱਝ ਕੁ ਸਿਰੜੀ ਨਾਟਕਕਾਰਾਂ, ਨਾਟ ਨਿਰਦੇਸ਼ਕਾਂ ਅਤੇ ਰੰਗਕਰਮੀਆਂ ਦੇ ਬਲਬੂਤੇ ਆਪਣੇ ਸਮਾਜਿਕ ਪ੍ਰਤੀਬੱਧਤਾ ਵਾਲੀ ਪਛਾਣ ਸਮੇਤ ਆਪਣੀ ਹੋਂਦ ਅਤੇ ਇਸ ਦੇ ਜਲੌ ਨੂੰ ਬਚਾਈ ਰੱਖਣ ਲਈ ਲਗਾਤਾਰ ਜੂਝ ਰਿਹਾ ਹੈ।

ਸਮਕਾਲੀ ਪੰਜਾਬੀ ਵਾਰਤਕ ਮੁੱਖ ਰੂਪ ਵਿੱਚ ਨਿਬੰਧ, ਜੀਵਨੀ, ਸਵੈਜੀਵਨੀ, ਸਫਰਨਾਮਾ, ਰੇਖਾ ਚਿਤਰ ਅਤੇ ਮੁਲਾਕਾਤਾਂ ਵਰਗੀਆਂ ਵਾਰਤਕ ਵੰਨਗੀਆਂ ਰਾਹੀਂ ਹੀ ਆਪਣਾ ਸਰੂਪ ਸਿਰਜ ਰਹੀ ਹੈ। ਸਾਡੇ ਸਮਕਾਲ ਵਿੱਚ ਪੰਜਾਬੀ ਬੰਦਾ ਜਿੰਨਾ ਦਵੰਦਾਂ / ਸੰਕਟਾਂ ਦੇ ਸਨਮੁੱਖ ਹੈ, ਉਨ੍ਹਾਂ ਦੀ ਨਵਿਰਤੀ ਅਤੇ ਨਿਸ਼ਾਨਦੇਹੀ ਲਈ ਦਿਸ਼ਾ ਨਿਰਦੇਸ਼ ਦੇਣ ਵਾਲੇ

ਨਿਬੰਧ ਭਾਵੇਂ ਬਹੁਤੀ ਮਾਤਰਾ ਵਿੱਚ ਪ੍ਰਾਪਤ ਨਹੀਂ ਹੁੰਦੇ ਪਰ ਫਿਰ ਵੀ ਸਥਿੱਤੀ ਬਹੁਤੀ ਨਿਰਾਸ਼ਾਜਨਕ ਨਹੀਂ ਹੈ। ਸਮਕਾਲੀ ਦੌਰ ਵਿੱਚ ਜਿਹੜੇ ਲੇਖਕ ਇਹ ਕਾਰਜ ਨਿਭਾ ਰਹੇ ਹਨ ਉਹ ਜ਼ਿਕਰਯੋਗ ਹਨ। ਡਾ. ਨਰਿੰਦਰ ਸਿੰਘ ਕਪੂਰ (ਡੂੰਘੀਆਂ ਸਿਖਰਾਂ, ਰਾਹ ਰਸਤੇ ਆਹਮੋ ਸਾਹਮਣੇ, ਬੂਹੇ-ਬਾਰੀਆਂ, ਸੁਖਨ-ਸੁਨੇਹੇ), ਪੂਰਨ ਸਿੰਘ (ਸਾਇੰਸ ਦਾ ਸੰਸਾਰ, ਸੁੰਦਰਤਾ ਅਤੇ ਆਨੰਦ, ਸੰਘਰਸ਼, ਸ਼ਕਤੀ-ਇੱਕ ਦਾਰਸ਼ਨਿਕ ਅਧਿਐਨ), ਅਮਰਜੀਤ ਚੰਦਨ (ਨਿਸ਼ਾਨੀ,ਫੈਲਸੂਫੀਆਂ), ਗੁਰਦਿਆਲ ਸਿੰਘ (ਦੁਖੀਆ ਦਾਸ ਕਬੀਰ ਹੈ), ਟੀ.ਆਰ.ਸ਼ਰਮਾ (ਸੁਫਨਿਆਂ ਤੋਂ ਨਾ ਡਰੋ), ਓਮ ਪ੍ਰਕਾਸ਼ ਗਾਸੋ (ਫਲੋਰੰਜਨੀ ਫੁ਼ਲ), ਗੁਰਬਖਸ਼ ਭੰਡਾਲ (ਰੰਗਾਂ ਦਾ ਦਰਿਆ, ਅਸੀਸਾਂ ਤੇ ਆਸਨ,ਘਰ ਅਰਦਾਸ ਕਰੇ), ਸੁਰਜਨ ਜੀਰਵੀ (ਇਹ ਹੈ ਬਾਰਬੀ ਸੰਸਾਰ), ਜਸਵੰਤ ਦੀਦ (ਧਰਤੀ ਹੋਰ ਪਰੇ...), ਜਸਵੰਤ ਸਿੰਘ ਨੇਕੀ (ਸਦਾ ਵਿਗਾਸ), ਡਾ. ਹਰਚੰਦ ਸਿੰਘ ਸਰਹਿੰਦੀ (ਸੇਧਾਂ ਤੇ ਸੁਨੇਹੇ), ਸੁਕੀਰਤ (ਬਾਤ ਇੱਕ ਬੀਤੇ ਦੀ), ਪਰਮਿੰਦਰ ਸੋਢੀ (ਰੱਬ ਦੇ ਡਾਕੀਏ), ਚਰਨਜੀਤ ਭੁੱਲਰ (ਖੁੱਲ੍ਹੀ ਖਿੜਕੀ), ਸੁਸ਼ੀਲ ਦੁਸਾਂਝ (ਆਖਾਂ ਜੀਵਾਂ), ਦਵਿੰਦਰਪਾਲ ਸਿੰਘ (ਤੂਫਾਨ ਤੋਂ ਪਹਿਲਾਂ) ਤੋਂ ਇਲਾਵਾ ਕੁਲਬੀਰ ਸਿੰਘ ਕਾਂਗ, ਕੈਲਾਸ਼ ਪੁਰੀ, ਹਰੀਸ਼ ਮਲਹੋਤਰਾ, ਡਾ. ਸਵਰਾਜ ਸਿੰਘ, ਪ੍ਰੀਤਮ ਸਿੱਧੂ, ਬਰਜਿੰਦਰ ਹਮਦਰਦ, ਨਿੰਦਰ ਘੁਗਿਆਣਵੀ, ਡਾ. ਗੁਰਚਰਨ ਸਿੰਘ ਔਲਖ ਅਤੇ ਡਾ. ਕੰਵਲਜੀਤ ਗਰੋਵਰ ਆਦਿ ਪ੍ਰਮੁੱਖ ਨਿਬੰਧਕਾਰ ਹਨ।

ਸਵੈਜੀਵਨੀ ਵੀ ਸਮਕਾਲੀ ਪੰਜਾਬੀ ਸਾਹਿਤ ਦੀ ਮਹੱਤਵਪੂਰਨ ਵਿਧਾ ਬਣਦੀ ਜਾ ਰਹੀ ਹੈ। ਇਸ ਸਮੇਂ ਸਵੈਜੀਵਨੀ ਲਿਖਣ ਦੇ ਰੁਝਾਨ ਮੁੱਖ ਤੌਰ ਤੇ ਤਿੰਨ ਪ੍ਰਕਾਰ ਦੇ ਹਨ- (1) ਆਪਣੀ ਇੱਛਾ ਅਨੁਸਾਰ ਲਿਖ ਗਈ ਸਵੈਜੀਵਨੀ (2) ਅਕਾਦਮਿਕ ਅਤੇ ਹੋਰ ਅਦਾਰਿਆਂ ਦੀ ਮੰਗ ਤੇ ਲਿਖੀ ਗਈ ਸਾਹਿਤਿਕ ਸਵੈਜੀਵਨੀ (3) ਅਨੁਵਾਦਿਤ ਸਵੈਜੀਵਨੀਆਂ ।ਸਮਕਾਲੀ ਦੌਰ ਵਿੱਚ ਗਿਣਨਯੋਗ ਮਹੱਤਵਪੂਰਨ ਸਵੈਜੀਵਨੀਕਾਰ ਅਤੇ ਉਨ੍ਹਾਂ ਦੀਆਂ ਸਵੈਜੀਵਨੀਆਂ ਇਸ ਪ੍ਰਕਾਰ ਹਨ- ਸੰਤੋਖ ਸਿੰਘ ਧੀਰ (ਬ੍ਰਿਹਸਪਤੀ), ਡਾ. ਹਰਿਭਜਨ ਸਿੰਘ (ਚੋਲਾ ਟਾਕੀਆਂ ਵਾਲਾ), ਗੁਰਦਿਆਲ ਸਿੰਘ (ਨਿਆਣ ਮੱਤੀਆਂ, ਦੂਜੀ ਦੇਹੀ), ਬਲਵੰਤ ਗਾਰਗੀ (ਨੰਗੀ ਧੁੱਪ), ਪ੍ਰੋ. ਪ੍ਰੀਤਮ ਸਿੰਘ (ਕੱਚੀਆਂ ਪੱਕੀਆਂ ਦੇ ਭਾਅ), ਰਾਮ ਸਰੂਪ ਅਣਖੀ (ਮਲ੍ਹੇ ਝਾੜੀਆਂ), ਸ.ਸ. ਜੌਹਲ (ਰੰਗਾਂ ਦੀ ਗਾਗਰ), ਐਸ. ਤਰਸੇਮ (ਕੱਚੀ ਮਿੱਟੀ ਪੱਕਾ ਰੰਗ), ਪ੍ਰਗਟ ਸਿੱਧੂ (ਬੂੰਦ ਬੂੰਦ ਡੁੱਲ੍ਹਦੀ ਜ਼ਿੰਦਗੀ), ਲਾਲ ਸਿੰਘ ਦਿਲ (ਦਾਸਤਾਨ), ਕੁਲਦੀਪ ਕਲਪਨਾ (ਲਿਖੀਆਂ ਅਣਲਿਖੀਆਂ), ਨਿਰੰਜਨ ਤਸਨੀਮ (ਆਇਨੇ ਦੇ ਰੁਬਰੂ), ਬਲਦੇਵ ਸਿੰਘ (ਹਮ ਹੈਂ ਗਿਆਨਹੀਨ ਅਗਿਆਨੀ), ਪ੍ਰੇਮ ਪ੍ਰਕਾਸ਼ (ਆਤਮ ਮਾਯਾ), ਬਲਬੀਰ ਮਾਧੋਪੁਰੀ (ਛਾਂਗਿਆ ਰੁੱਖ), ਅਜਮੇਰ ਔਲਖ (ਮੇਰੀ ਨਾਟ ਯਾਤਰਾ), ਰਘੁਬੀਰ ਢੰਡ (ਉਮਰੋਂ ਲੰਮੀ ਬਾਤ), ਬਚਿੰਤ ਕੌਰ (ਪਗਡੰਡੀਆਂ, ਦਸਤੂਰ-ਏ-ਜ਼ਿੰਦਗੀ), ਦਲੀਪ ਕੌਰ ਟਿਵਾਣਾ (ਨੰਗੇ ਪੈਰਾਂ ਦਾ ਸਫਰ, ਪੀਲੇ ਪੱਤਿਆਂ ਦੀ ਦਾਸਤਾਨ, ਪੂਛਤੇ ਹੋ ਤੋ ਸੁਨੋ), ਅਜੀਤ ਕੌਰ (ਖਾਨਾਬਦੋਸ਼, ਕੂੜਾ ਕਬਾੜਾ) ਅਤੇ ਗੁਰਦਿਆਲ ਦਲਾਲ (ਛਾਤੀ ਅੰਦਰਲੇ ਥੇਹ) ਆਦਿ ਸਮਕਾਲੀ ਪੰਜਾਬੀ ਸਵੈ-ਜੀਵਨੀ ਸਾਹਿਤ ਦੀਆਂ ਗਿਣਨਯੋਗ ਪ੍ਰਾਪਤੀਆਂ ਹਨ। ਸਵੈ-ਜੀਵਨੀ ਸਾਹਿਤ ਦੇ ਮੁਕਾਬਲਤਨ ਜੀਵਨੀ ਦੀ ਵਾਰਤਕ ਵਿਧਾ ਸਮਕਾਲੀ ਦੌਰ ਵਿੱਚ ਆਪਣੇ ਵਜੂਦ ਦੀ ਸਲਾਮਤੀ ਲਈ ਸੰਘਰਸ਼ਸ਼ੀਲ ਹੈ। ਸਮਕਾਲੀ ਦੌਰ ਦੇ ਸਧਾਰਨ ਨਾਇਕ ਦੇ ਜੀਵਨ ਦੇ ਸੰਘਰਸ਼ ਦੇ ਇਤਿਹਾਸ ਅਤੇ ਮਹੱਤਵ ਨੂੰ ਪਾਠਕਾਂ ਤੱਕ ਸੰਚਾਰਨ ਲਈ ਉਨ੍ਹਾਂ ਕਰਮਸ਼ੀਲ ਲੇਖਕਾਂ ਦੀ ਜ਼ਰੂਰਤ ਹੈ ਜੋ ਤੱਥਾਂ, ਵੇਰਵਿਆਂ, ਯਾਦਾਂ ਅਤੇ ਸਾਧਨਾਂ ਰਾਹੀਂ ਇਸ ਤਰ੍ਹਾਂ ਜੀਵਨੀ ਨੂੰ ਬਿਆਨ ਕਰੇ ਕਿ ਇਹ ਸਕਾਰਥ ਜੀਵਨ ਦਾ ਸਹਿਜੇ ਹੀ ਸੰਚਾਰ ਕਰ ਸਕੇ। ਕੁੱਝ ਸਫਲ ਜੀਵਨੀਆਂ ਜੋ

ਮਕਬੂਲ ਹੋਈਆਂ ਕੁਲਬੀਰ ਸਿੰਘ ਰਚਿਤ 'ਸਤਿ ਮਾਰਗ ਦਾ ਪਾਂਧੀ-ਭਗਤ ਪੂਰਨ ਸਿੰਘ', ਬਿਕਰਮ ਸਿੰਘ ਘੁੰਮਣ ਰਚਿਤ 'ਸੰਤ ਬਾਬਾ ਵਿਸਾਖਾ ਸਿੰਘ', ਵਰਿਆਮ ਸੰਧੂ ਰਚਿਤ 'ਕੁਸ਼ਤੀ ਦਾ ਧਰੂ ਤਾਰਾ: ਕਰਤਾਰ ਸਿੰਘ' ਅਤੇ ਗੁਰਦੀਪ ਸਿੰਘ ਪੁਰੀ ਰਚਿਤ 'ਦੇਸੀ ਪਰਿੰਦੇ ਪਰਵਾਸੀ ਪਰਵਾਜ਼' ਆਦਿ ਹਨ। ਜੀਵਨੀ ਲਿਖਵਾਉਣ ਦਾ ਵਧੇਰੇ ਕਾਰਜ ਪੰਜਾਬ ਵਿੱਚ ਯੂਨੀਵਰਸਿਟੀਆਂ ਅਤੇ ਕੁੱਝ ਹੋਰ ਅਦਾਰਿਆਂ ਵੱਲੋਂ ਕੀਤਾ ਜਾ ਰਿਹਾ ਹੈ।

ਸਮਕਾਲੀ ਪੰਜਾਬੀ ਵਾਰਤਕ ਸਾਹਿਤ ਦੀ ਅਗਲੀ ਮਹੱਤਵਪੂਰਨ ਵਿਧਾ ਰੇਖਾ ਚਿੱਤਰ ਦੀ ਹੈ । ਇਸ ਵਿਧਾ ਰਾਹੀਂ ਕਿਸੇ ਵਿਅਕਤੀ ਵਿਸ਼ੇਸ਼ ਦਾ ਸਖਸ਼ੀ ਬਿੰਬ ਉਸਾਰਨ ਦਾ ਕਾਰਜ ਕੀਤਾ ਜਾਂਦਾ ਹੈ । ਗੁਰਬਚਨ (ਸਾਹਿਤ ਦੇ ਸਿਕੰਦਰ, ਕਿਸ ਕਿਸ ਤਰ੍ਹਾਂ ਦੇ ਸਿਕੰਦਰ), ਗੁਰਬਚਨ ਭੁੱਲਰ (ਕਬਰ ਜਿੰਨਾਂ ਦੀ ਜੀਵੇ ਹੂ), ਮੋਹਨ ਭੰਡਾਰੀ (ਬੇਦੀ ਜਿਸੇ ਕਹਿਤੇ ਹੈ), ਜਿੰਦਰ (ਕਵਾਸੀ ਰੋਟੀ), ਗੁਰਮੇਲ ਮਡਾਹੜ (ਕਲਮੀ ਯੋਧੇ) , ਪ੍ਰੋ. ਪ੍ਰੀਤਮ ਸਿੰਘ (ਮੂਰਤਾਂ), ਗੁਰਬਚਨ (ਸਾਹਿਤਨਾਮਾ, ਸਾਹਿਤ ਦੇ ਸਿਕੰਦਰ), ਮੋਹਨਜੀਤ (ਗੂੜੀ ਲਿਖਤ ਵਾਲਾ ਵਰਕਾ), ਇਕਬਾਲ ਮਾਹਲ (ਸੁਰਾਂ ਦੇ ਸੁਦਾਗਰ), ਨਿੰਦਰ ਘੁਗਿਆਣਵੀ (ਸੱਜਣ ਮੇਰੇ ਰੰਗਲੇ) ਆਦਿ ਸਮਕਾਲੀ ਦੌਰ ਦੇ ਪ੍ਰਸਿੱਧ ਰੇਖਾ ਚਿੱਤਰ ਲਿਖਣ ਵਾਲੇ ਵਾਰਤਕਕਾਰ ਹਨ।

ਮੁਲਾਕਾਤ ਸਮਕਾਲੀ ਵਾਰਤਕ ਦੀ ਮਹੱਤਵਪੂਰਨ ਵਿਧਾ ਬਣਦੀ ਜਾ ਰਹੀ ਹੈ।ਚਰਚਿਤ ਸ਼ਖਸ਼ੀਅਤਾਂ ਬਾਰੇ ਜਾਣਨ ਦੀ ਇੱਛਾ,ਵਾਰਤਾਲਾਪੀ ਅਤੇ ਪ੍ਰਸ਼ਨੋਤਰ ਦੀ ਵਿਧੀ ਇਸ ਵਿਧਾ ਨੂੰ ਮਕਬੂਲ ਕਰਨ ਵਿੱਚ ਸਹਾਈ ਹੁੰਦੀ ਹੈ। ਬਲਦੇਵ ਸਿੰਘ ਰਚਿਤ 'ਵਾਰਤਾਲਾਪ, ਅਵਤਾਰ ਜੰਡਿਆਲਵੀ ਰਚਿਤ 'ਮਾਇਆ ਜਾਲ', ਪ੍ਰੀਤਮ ਸਿੰਘ ਕੈਂਬੋ ਰਚਿਤ 'ਸਿਰਜਣ ਤੇ ਸੰਵਾਦ', ਮੇਜਰ ਮਾਂਗਟ ਰਚਿਤ 'ਆਹਮਣੇ-ਸਾਹਮਣੇ', ਅਮਰਜੀਤ ਚੰਦਨ ਰਚਿਤ 'ਹੁਣ ਖਿਣ' ਆਦਿ ਮੁਲਾਕਾਤਾਂ ਤੇ ਅਧਾਰਿਤ ਚਰਚਿਤ ਪੁਸਤਕਾਂ ਹਨ।

ਸਮਕਾਲੀ ਪੰਜਾਬੀ ਵਾਰਤਕ ਵਿੱਚ ਵਿਅੰਗ ਸਾਹਿਤ ਦੀ ਸਿਰਜਨਾ ਵੀ ਹੋ ਰਹੀ ਹੈ। ਕੇ.ਐਲ.ਗਰਗ ਇਸ ਖੇਤਰ ਵਿੱਚ ਆਪਣੇ ਹਾਸ ਵਿਅੰਗ ਅਤੇ ਟਕੋਰ ਵਿਧੀ ਕਾਰਨ ਵਿਸ਼ੇਸ਼ ਸਥਾਨ ਰੱਖਦਾ ਹੈ। 'ਦੇਖ ਕਬੀਰਾ ਹੱਸਿਆ', 'ਸ਼ੈਤਾਨ ਦੀ ਡਾਇਰੀ', 'ਖਰੀਆਂ ਖੋਟੀਆਂ', 'ਭਾਊ ਜੰਗੀ ਰਾਮ', 'ਸ਼ਰਧਾਂਜਲੀ' ਅਤੇ 'ਤਰਵੰਜਾ ਪੱਤੇ' ਉਸ ਦੀਆਂ ਪ੍ਰਮੁੱਖ ਰਚਨਾਵਾਂ ਹਨ। ਐਮ.ਕੇ ਰਾਹੀ (ਇੱਕ ਅਜੂਬਾ ਹੋਰ), ਜਨਮੇਜਾ ਜੌਹਲ (ਕਾਲੀਆ ਲੀਰਾਂ) ਆਦਿ ਇਸ ਰੂਪਾਕਾਰ ਦੇ ਮਹੱਤਵਪੂਰਨ ਸਿਰਜਕ ਹਨ।

ਸਮਕਾਲੀ ਦੌਰ ਵਿੱਚ ਵਾਰਤਕ ਸਾਹਿਤ ਦੀਆਂ ਹੋਰ ਵੰਨਗੀਆਂ ਦੇ ਨਾਲ ਸਫਰਨਾਮਾ ਦੀ ਵਿਧਾ ਵਧੇਰੇ ਵਿਕਸਤ ਹੁੰਦੀ ਨਜ਼ਰ ਆ ਰਹੀ ਹੈ। ਪੰਜਾਬੀ ਸਫਰਨਾਮਾ ਸਾਹਿਤ ਵਿੱਚ ਕਨੇਡਾ, ਅਮਰੀਕਾ, ਚੀਨ, ਰੂਸ, ਪਾਕਿਸਤਾਨ, ਨਾਰਵੇ, ਮਲੇਸ਼ੀਆ ਅਤੇ ਦੱਖਣੀ ਭਾਰਤ ਆਦਿ ਨਾਲ ਸੰਬੰਧਿਤ ਅਨੇਕ ਸਫਰਨਾਮੇ ਮਿਲ ਜਾਂਦੇ ਹਨ।ਵਰਿਆਮ ਸੰਧੂ ਰਚਿਤ 'ਪਰਦੇਸੀ ਪੰਜਾਬ' ਸਫਰਨਾਮਾ 1997 ਵਿਚ ਮਿਲਵਾਕੀ ਵਿਖੇ ਹੋਈ ਵਿਸ਼ਵ ਪੰਜਾਬੀ ਕਾਨਫਰੰਸ ਦੌਰਾਨ ਪੱਛਮੀ ਖਿੱਤੇ ਦੀ ਯਾਤਰਾ ਦਾ ਬਿਆਨ ਹੈ ।ਇਸ ਵਿਚ ਲੇਖਕ ਪਰਵਾਸੀ ਪੰਜਾਬੀ ਬੰਦੇ ਨੂੰ ਅਨੇਕ ਪ੍ਰਕਾਰ ਦੀਆਂ ਖੁੱਲਾਂ ਦੇ ਨਾਲ-ਨਾਲ ਕਈ ਸੰਕਟਾਂ ਵਿਚ ਘਿਰੇ ਹੋਏ ਮਹਿਸੂਸ ਕਰਦਾ ਹੈ।ਬਲਦੇਵ ਸਿੰਘ ਧਾਲੀਵਾਲ ਆਪਣੇ ਸਫਰਨਾਮਿਆਂ 'ਮੋਤੀਆਂ ਦੀ ਚੋਗ' ਅਤੇ 'ਥੇਮਜ਼ ਨਾਲ ਵਗਦਿਆਂ' ਵਿਚ ਪੂਰਬ ਅਤੇ ਪੱਛਮ ਦੀ ਤੁਲਨਾ ਕਰਦਿਆਂ ਇਹਨਾ ਦੇ ਆਪਸੀ ਸਬੰਧਾਂ ਨੂੰ

ਪੇਸ਼ ਕਰਦਾ ਹੈ।ਡਾ.ਵਨੀਤਾ ਆਪਣੇ ਸਫਰਨਾਮੇ 'ਮੇਰੀ ਚੀਨ ਯਾਤਰਾ' ਵਿਚ ਕਾਰਜਸ਼ੀਲ ਇਤਿਹਾਸਕ/ਆਰਥਿਕ/ਰਾਜਸੀ ਤੰਦਾਂ ਨੂੰ ਫੜਨ ਲਈ ਸੁਚੇਤ ਯਤਨ ਕਰ ਰਹੀ ਹੈ।ਸੁਖਪਾਲ ਸਿੰਘ ਥਿੰਦ ਨੇ ਆਪਣੇ ਸਫਰਨਾਮੇ ਵਿਚ ਲੰਡਨ ਨੂੰ ਬਹੁਪੱਖੀ ਦ੍ਰਿਸ਼ਟੀ ਤੋਂ ਦੇਖਦਿਆਂ ਹੋਇਆਂ ਪੂਰਬ ਤੇ ਪੱਛਮ ਦੇ ਸੰਕਲਪ ਨੂੰ ਦਵੰਦਵਾਦੀ ਜ਼ਾਵੀਏ ਤੋਂ ਵੇਖਿਆ ਹੈ।ਇਸ ਤੋਂ ਇਲਾਵਾ 'ਮੇਰੀ ਕਨੇਡਾ ਫੇਰੀ'(ਪ੍ਰੀਤਮਸਿੱਧੂ), 'ਫੋਕਸ'(ਹਰਜੀਤ ਅਟਵਾਲ), 'ਮੈਂ ਇਵੇਂ ਵੇਖਿਆ ਪਾਕਿਸਤਾਨ' (ਬਲਦੇਵ ਸਿੰਘ), 'ਮੋਗਾ-ਸਿੰਘਾਪੁਰ ਵਾਇਆ ਚੀਨ' (ਸੁਲੱਖਣ ਸਰਹੱਦੀ), 'ਜੰਗਲ-ਜੰਗਲ ਪਰਬਤ ਪਰਬਤ' (ਮਨਮੋਹਨ ਬਾਵਾ) ਆਦਿ ਸਮਕਾਲੀ ਪੰਜਾਬੀ ਸਫਰਨਾਮਾ ਸਾਹਿਤ ਨੂੰ ਨਵੇਂ ਪਾਸਾਰ ਪ੍ਰਦਾਨ ਕਰ ਰਹੇ ਹਨ।

ਇਸ ਪ੍ਰਕਾਰ ਸਮਕਾਲੀ ਪੰਜਾਬੀ ਸਾਹਿਤ ਸਮਕਾਲੀ ਸਥਿਤੀਆਂ ਦਾ ਵਰਨਣ ਤਾਂ ਹੈ ਹੀ,ਪਰ ਨਾਲ ਹੀ ਇਨ੍ਹਾਂ ਸਥਿਤੀਆਂ ਪ੍ਰਤੀ ਆਪਣੇ ਪ੍ਰਤੀਕਰਮ ਦਰਜ ਕਰਵਾਉਂਦਾ ਹੋਇਆ, ਪੰਜਾਬੀ ਸਮਾਜ ਅਤੇ ਸਭਿਆਚਾਰ ਦੇ ਅਨੇਕ ਪਹਿਲੂਆਂ ਦੇ ਦੀਦਾਰ ਵੀ ਕਰਵਾ ਰਿਹਾ ਹੈ ।